
# ਮੇਰੀ ਜਨਮਭੂਮੀ (ਪਾਕਿਸਤਾਨ) ਦੀਆਂ ਯਾਤਰਾਵਾਂ



ਪ੍ਰੋ: ਹਰਦੇਵ ਸਿੰਘ ਵਿਰਕ

# ਮੇਰੀ ਜਨਮਭੂਮੀ (ਪਾਕਿਸਤਾਨ) ਦੀਆਂ ਯਾਤਰਾਵਾਂ

ਪ੍ਰੋ: ਹਰਦੇਵ ਸਿੰਘ ਵਿਰਕ

**ਇਸੇ ਕਲਮ ਤੋਂ:**

- ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
- ਸਾਡੇ ਵਿਗਿਆਨੀ
- ਵਿਗਿਆਨ ਦੇ ਕ੍ਰਿਸ਼ਮੇ
- ਗੁਰੂ ਗ੍ਰੰਥ ਸਾਹਿਬ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ (ਅੰਗ੍ਰੇਜ਼ੀ)
- ਗੁਰਬਾਣੀ ਦੀ ਸਰਲ ਵਿਆਖਿਆ
- ਪ੍ਰੋਫੈਸਰ ਪੂਰਨ ਸਿੰਘ: ਵਿਗਿਆਨੀ, ਕਵੀ ਅਤੇ ਚਿੰਤਕ
- ਸਿੱਖ ਕੌਮ ਦਾ ਦਰਦ ਅਤੇ ਸੰਤਾਪ
- ਅਮਰੀਕਾ ਕੈਨੇਡਾ ਦੀ ਯਾਤਰਾ
- ਯੂਰਪ ਦਾ ਸਫ਼ਰਨਾਮਾ
- ਮੇਰੀ ਵਿਸ਼ਵ ਯਾਤਰਾ
- ਸਿੱਖ ਧਰਮ ਅਤੇ ਵਿਗਿਆਨ
- ਮੇਰਾ ਜੀਵਨ ਸਫ਼ਰ
- ਇੱਕਵੀਂ ਸਦੀ ਦਾ ਜ਼ਫ਼ਰਨਾਮਾ
- ਪੈਰਿਸ ਤੋਂ ਪਟਿਆਲਾ: ਦਰਦ ਵਿਛੋੜੇ ਦੀਆਂ ਚਿੱਠੀਆਂ

# ਮੇਰੀ ਜਨਮਭੂਮੀ (ਪਾਕਿਸਤਾਨ) ਦੀਆਂ ਯਾਤਰਾਵਾਂ

ਪ੍ਰੋ: ਹਰਦੇਵ ਸਿੰਘ ਵਿਰਕ

ਪ੍ਰਕਾਸ਼ਕ

ਸਾਊਥ ਏਸ਼ੀਆ ਰਿਸਰਚ ਸੈਂਟਰ ਆਫ਼ ਇੰਡੀਆ

## ਸਮਰਪਣ

ਮੇਰੇ ਮਾਪਿਆਂ ਦੀ ਯਾਦ ਨੂੰ ਸਮਰਪਣ ਜੋ ਆਪਣੀ ਜਨਮ ਭੂਮੀ ਦੀਆਂ ਯਾਦਾਂ ਨੂੰ ਸਾਂਭੀ ਬੈਠੇ ਅਕਾਲ ਚਲਾਣਾ ਕਰ ਗਏ।

ਪਿਤਾ: ਅਵਤਾਰ ਸਿੰਘ ਵਿਰਕ, ਕਾਮੋਕੇ, ਜਿਲ੍ਹਾ ਗੁਜਰਾਂਵਾਲਾ

ਮਾਤਾ: ਤੇਜ ਕੌਰ ਬਾਜਵਾ, ਮਾਝੀਵਾਲਾ, ਜਿਲ੍ਹਾ ਲਾਇਲਪੁਰ

# ਵਿਸ਼ਾ ਸੂਚੀ


1. ਭੂਮਿਕਾ 7
2. ਪਾਕਿਸਤਾਨ ਦੀ ਪਹਿਲੀ ਯਾਤਰਾ (1981) 9
   ਭੌਤਿਕ ਵਿਗਿਆਨ ਦਾ ਸਮਰ ਸਕੂਲ 12
   ਕਾਮੋਕੇ, ਲਾਹੌਰ ਅਤੇ ਨਨਕਾਣਾ ਸਾਹਿਬ ਦੀ ਯਾਤਰਾ 15
3. ਪਾਕਿਸਤਾਨ ਦੀ ਦੂਜੀ ਯਾਤਰਾ (1983) 19
4. ਪਾਕਿਸਤਾਨ ਦੀ ਤੀਜੀ ਯਾਤਰਾ (1988) 22
5. ਪਾਕਿਸਤਾਨ ਦੀ ਚੌਥੀ ਯਾਤਰਾ (2024) 26
6. ਅੰਤਿਕਾ 50

# ਭੂਮਿਕਾ

1993 ਵਿੱਚ ਮੈਂ ਆਪਣੀ ਸਬੈਟੀਕਲ (Sabbatical) ਛੁੱਟੀ ਲੈ ਕੇ ਵਿਸ਼ਵ ਭਰ ਦੀ ਯਾਤਰਾ ਦਾ ਆਗਾਜ਼ ਕੀਤਾ। ਮੇਰੀ ਯਾਤਰਾ ਫਰਾਂਸ ਦੇ ਪੈਰਿਸ ਸ਼ਹਿਰ ਤੋਂ ਆਰੰਭ ਹੋਈ ਅਤੇ ਸਾਰਾ ਯੂਰਪ, ਅਮਰੀਕਾ, ਕਨੇਡਾ, ਚੀਨ, ਜਪਾਨ ਅਤੇ ਥਾਈਲੈਂਡ ਘੁੰਮ ਕੇ ਮੈਂ ਅੰਮ੍ਰਿਤਸਰ ਆਪਣੀ ਯੂਨੀਵਰਸਿਟੀ ਵਿੱਚ ਪਰਤ ਆਇਆ। ਫਰਾਂਸ ਦੇ ਗਰੀਨੋਕਲ ਸ਼ਹਿਰ ਵਿੱਚ ਇੱਕ ਡਾਕਟਰ ਟੱਕਰ ਪਿਆ, ਜਿਸ ਨੇ ਮੇਰੀ ਯਾਤਰਾ ਬਾਰੇ ਜਾਨਣ ਦੀ ਖਾਹਿਸ਼ ਜਾਹਰ ਕੀਤੀ। ਮੇਰੀ ਗੱਲਬਾਤ ਸੁਣ ਕੇ ਉਹ ਕਹਿਣ ਲੱਗਾ ਕਿ ਜੇਕਰ ਕਿਸੇ ਸ਼ਹਿਰ ਵਿੱਚ ਇੱਕ ਚੱਕਰ ਲੱਗੇ ਤਾਂ ਇੱਕ ਨਾਵਲ ਲਿਖਿਆ ਜਾ ਸਕਦਾ ਹੈ। ਜੇਕਰ ਦੋ ਚੱਕਰ ਲੱਗ ਜਾਣ ਤਾਂ ਇੱਕ ਛੋਟੀ ਕਹਾਣੀ ਹੀ ਲਿਖੀ ਜਾਂਦੀ ਹੈ, ਪ੍ਰੰਤੂ ਜੇਕਰ ਤਿੰਨ ਚਾਰ ਚੱਕਰ ਲੱਗ ਜਾਣ ਤਾਂ ਕੁਝ ਨਹੀਂ ਲਿਖਿਆ ਜਾਂਦਾ ਕਿਉਂਕਿ ਯਾਤਰੀ ਦੀ ਉਤਸੁਕਤਾ ਹੀ ਖਤਮ ਹੋ ਜਾਂਦੀ ਹੈ।

ਜੇਕਰ ਇਸ ਨਿਯਮ ਨੂੰ ਲਾਗੂ ਕੀਤਾ ਜਾਵੇ ਤਾਂ ਮੇਰੀਆਂ ਪਾਕਿਸਤਾਨ ਦੀਆਂ ਯਾਤਰਾਵਾਂ ਲਿਖਣ ਦੀ ਚੇਸ਼ਟਾ ਹੀ ਖਤਮ ਹੋ ਜਾਂਦੀ ਹੈ। ਮੇਰੀ ਇਸ ਪੁਸਤਕ ਲਿਖਣ ਦੇ ਦੋ ਕਾਰਨ ਹਨ – ਇਕ ਤਾਂ ਪਿਛਲੇ ਸਾਲ 49 ਕਿਤਾਬਾਂ ਛਪ ਜਾਣ ਤੋਂ ਬਾਅਦ ਮੇਰਾ ਟਾਰਗੇਟ 50 ਕਿਤਾਬਾਂ ਪੂਰੀਆਂ ਕਰਨ ਦਾ ਬਣ ਗਿਆ ਅਤੇ ਦੂਜਾ ਮੇਰੇ ਪਿੰਡ ਦੇ ਲੋਕ ਅਤੇ ਸਪੋਕਸਮੈਨ ਅਖਬਾਰ ਨੂੰ ਪੜਨ ਵਾਲੇ ਚਾਹੁੰਦੇ ਸਨ ਕਿ ਮੈਂ ਆਪਣੀ ਜਨਮ ਭੂਮੀ ਦਾ ਵੇਰਵਾ ਸਾਂਝਾ ਕਰਾਂ। ਉਮਰ ਦੇ 85ਵੇਂ ਵਰ੍ਹੇ ਵਿੱਚ ਮੇਰੀ ਸਿਹਤ ਇਜਾਜ਼ਤ ਨਹੀਂ ਦਿੰਦੀ ਕਿ ਮੈਂ ਹੋਰ ਯਾਤਰਾਵਾਂ ਕਰਕੇ ਹੋਰ ਸਫਰਨਾਮੇ ਲਿਖਾਂ।

ਪਾਕਿਸਤਾਨ ਬਣਨ ਵੇਲੇ ਮੇਰੀ ਉਮਰ ਛੇ ਸਾਲ ਦੀ ਸੀ। ਮੈਂ ਕਾਮੋਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਈ ਮਾਰਚ ਦੇ ਮਹੀਨੇ ਵਿੱਚ ਸ਼ੁਰੂ ਕੀਤੀ ਸੀ 14 ਅਗਸਤ 1947 ਨੂੰ ਪਾਕਿਸਤਾਨ ਬਣ ਗਿਆ ਅਤੇ ਸਾਡਾ ਪਰਿਵਾਰ ਕਾਮੋਕਿਆਂ ਤੋਂ ਉੱਜੜ ਕੇ ਮਲੇਰਕੋਟਲੇ ਦੇ ਨਜ਼ਦੀਕ ਪਿੰਡ ਛੋਕਰਾਂ ਵਿੱਚ ਆ ਵਸਿਆ। 1947 ਦੀ ਵੰਡ ਬਾਰੇ ਮੇਰੇ ਕਈ ਲੇਖ ਏਸ਼ੀਆ ਸਮਾਚਾਰ ਵਿੱਚ ਛਪ

ਚੁੱਕੇ ਹਨ। ਕੁਝ ਸਪੋਕਸਮੈਨ ਅਤੇ ਅਜੀਤ ਅਖਬਾਰ ਵਿੱਚ ਵੀ ਛਪੇ ਹਨ।

ਮੇਰੀਆਂ ਪਹਿਲੀਆਂ ਤਿੰਨ ਯਾਤਰਾਵਾਂ ਰਵਾਇਤੀ ਕਿਸਮ ਦੀਆਂ ਸਨ। ਪਾਕਿਸਤਾਨ ਵਿੱਚ ਸਮਰ ਸਕੂਲ ਅਤੇ ਦੋ ਹੋਰ ਕਾਨਫਰੰਸਾਂ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਸੀ। ਜਦੋਂ ਕਰਤਾਰਪੁਰ ਦਾ ਲਾਂਘਾ ਖੁੱਲਿਆ ਤਾਂ ਮੇਰੇ ਮਿੱਤਰ ਸਰਦਾਰ ਤਰਲੋਚਨ ਸਿੰਘ (ਪੂਰਵ ਮੈਂਬਰ ਪਾਰਲੀਮੈਂਟ) ਨੇ ਮੇਰੇ ਨਾਮ ਦੀ ਸਿਫਾਰਿਸ਼ ਕਰਕੇ ਮੈਨੂੰ ਪਹਿਲੇ ਜਥੇ ਵਿੱਚ ਜਾਣ ਦੀ ਮਨਜ਼ੂਰੀ ਦਿਵਾ ਦਿੱਤੀ। ਇਸ ਯਾਤਰਾ ਦਾ ਹਾਲ ਸਿੱਖ ਰਿਵਿਊ ਅਤੇ ਮੇਰੀ ਪੁਸਤਕ ਗੁਰੂ ਨਾਨਕ ਅਤੇ ਸਿੱਖ ਧਰਮ ਵਿੱਚ ਛਪ ਚੁੱਕਾ ਹੈ, ਜਿਸ ਕਰਕੇ ਇਸ ਪੁਸਤਕ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ।

ਪਾਕਿਸਤਾਨ ਦਾ ਸਫਰਨਾਮਾ ਕਈ ਹੋਰ ਯਾਤਰੀ ਵੀ ਲਿਖ ਚੁੱਕੇ ਹਨ। ਸੁਖਦੇਵ ਸਿੰਘ ਝੰਡ ਟਰਾਂਟੋ ਤੋਂ ਪਾਕਿਸਤਾਨ ਦੋ ਹਫਤਿਆਂ ਦੀ ਯਾਤਰਾ ਬਾਅਦ ਆਪਣੀ ਪੁਸਤਕ 'ਪੁਰਖਿਆਂ ਦਾ ਦੇਸ਼' ਛਪਾ ਚੁੱਕਾ ਹੈ। ਇਹ ਸਫਰਨਾਮਾ ਸਭ ਤੋਂ ਉੱਤਮ ਰਚਨਾ ਹੈ। ਮੈਂ ਆਪਣੀ ਪੁਸਤਕ ਬਾਰੇ ਕੋਈ ਵਡਿਆਈ ਨਹੀਂ ਕਰਨੀ ਚਾਹੁੰਦਾ। ਮੇਰੀ ਤਮੰਨਾ ਹੈ ਕਿ ਇਹ ਸਾਡੇ ਦੋਹਾਂ ਪੰਜਾਬਾਂ ਵਿੱਚ ਇੱਕ ਸੱਭਿਆਚਾਰਕ ਪੁਲ ਦਾ ਕੰਮ ਕਰੇ। ਇਸੇ ਮਕਸਦ ਦੀ ਪੂਰਤੀ ਲਈ ਮੈਂ ਅਤੇ ਸੁਨੀਲ ਭਾਟੀਆ 'ਸਲਾਹੀਅਤ' ਨਾਮ ਦਾ ਆਨਲਾਈਨ ਮੈਗਜ਼ੀਨ ਵੀ ਕੱਢ ਰਹੇ ਹਾਂ, ਜੋ ਅੰਗਰੇਜ਼ੀ, ਪੰਜਾਬੀ ਅਤੇ ਸ਼ਾਹਮੁਖੀ ਵਿੱਚ ਛਪਦਾ ਹੈ।

ਮੇਰੀ ਕਿਤਾਬ ਵਿੱਚ ਬਹੁਤ ਸਾਰੇ ਮਿਹਰਬਾਨ ਦੋਸਤਾਂ ਦਾ ਜ਼ਿਕਰ ਹੈ ਜਿਨਾਂ ਨੇ ਮੇਰੀ ਜਨਮ ਭੂਮੀ ਦੀਆਂ ਯਾਤਰਾਵਾਂ ਸਮੇਂ ਮੇਰੀ ਮਦਦ ਕੀਤੀ। ਇੰਜੀਨੀਅਰ ਮੁਸ਼ਤਾਕ ਅਹਿਮਦ ਗਿੱਲ ਤਾਂ ਮੇਰੇ ਪੱਗ ਵੱਟ ਭਰਾ ਹੀ ਬਣ ਗਏ ਜਾਪਦੇ ਹਨ। ਇਲਿਆਸ ਘੁੰਮਣ ਪੰਜਾਬੀ ਭਾਸ਼ਾ ਨੂੰ ਪਾਕਿਸਤਾਨੀ ਪੰਜਾਬ ਵਿੱਚ ਇਸ ਦਾ ਬਣਦਾ ਰੁਤਬਾ ਦਿਵਾਉਣ ਲਈ ਬਚਨਵੱਧ ਹਨ। ਮੈਨੂੰ ਉਮੀਦ ਹੈ ਕਿ ਮੇਰੀ ਇਹ ਪੁਸਤਕ ਨੂੰ ਸ਼ਾਹਮੁਖੀ ਦਾ ਜਾਮਾ ਪੁਆ ਕੇ ਇਲਿਆਸ ਘੁੰਮਣ ਪਾਕਿਸਤਾਨੀ ਪੰਜਾਬ ਦੇ ਵਾਸ਼ਿੰਦਿਆਂ ਲਈ ਛਪਵਾ ਦੇਣਗੇ। ਘੁੰਮਣ ਸਾਹਿਬ ਦਾ ਅਗੇਤ ਸ਼ੁਕਰੀਆ ਕਰਨਾ ਬਣਦਾ ਹੈ।

ਆਮੀਨ

ਹਰਦੇਵ ਸਿੰਘ ਵਿਰਕ

ਮੋਹਾਲੀ (ਭਾਰਤੀ ਪੰਜਾਬ)

# ਪਾਕਿਸਤਾਨ ਦੀ ਪਹਿਲੀ ਯਾਤਰਾ

1979 ਦੇ ਜੁਲਾਈ ਮਹੀਨੇ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿੱਚ ਜਾ ਸ਼ਾਮਿਲ ਹੋਇਆ। ਅਪ੍ਰੈਲ 1981 ਵਿੱਚ ਇਟਲੀ ਦੇ ਅੰਤਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ ਕੇਂਦਰ ਤੋਂ ਇੱਕ ਸੱਦਾ ਪੱਤਰ ਆਇਆ ਕਿ ਜੂਨ ਦੇ ਮਹੀਨੇ ਪਾਕਿਸਤਾਨ ਦੇ 'ਨੱਥਿਆ ਗਲੀ' ਹਿੱਲ ਸਟੇਸ਼ਨ ਤੇ ਇੱਕ ਅੰਤਰਰਾਸ਼ਟਰੀ ਵਰਕਸ਼ਾਪ ਹੋ ਰਹੀ ਹੈ, ਜਿਸ ਵਿੱਚ ਮੇਰੀ ਸ਼ਮੂਲੀਅਤ ਹੋ ਸਕਦੀ ਹੈ। ਮੈਂ ਇਸ ਸੱਦੇ ਨੂੰ ਪ੍ਰਵਾਨ ਕਰ ਲਿਆ ਅਤੇ ਮਈ ਦੇ ਪਹਿਲੇ ਹਫਤੇ ਪਾਕਿਸਤਾਨ ਐਂਬੈਸੀ ਤੋਂ ਵੀਜ਼ਾ ਪ੍ਰਾਪਤ ਕਰ ਲਿਆ। ਦਿੱਲੀ ਪਾਕਿਸਤਾਨ ਦੀ ਐਂਬੈਸੀ ਦੇ ਬਾਹਰ ਇੱਕ ਹਜੂਮ ਵੇਖ ਕੇ ਮੇਰੀ ਹਿੰਮਤ ਨਾ ਪਈ ਕਿ ਮੁੱਖ ਗੇਟ ਰਾਹੀਂ ਦਾਖਲ ਹੋ ਸਕਾਂ। ਮੈਂ ਵੀ.ਆਈ.ਪੀ. (VIP) ਗੇਟ ਰਾਹੀਂ ਦਾਖਲ ਹੋਣ ਵਿੱਚ ਕਾਮਯਾਬ ਹੋ ਗਿਆ ਅਤੇ ਵੀਜ਼ਾ ਅਫਸਰ ਕੋਲ ਆਪਣੀ ਅਰਜੀ ਪੇਸ਼ ਕੀਤੀ। ਉਸ ਨੇ ਮੈਨੂੰ ਨਨਕਾਣਾ ਸਾਹਿਬ,ਨੱਥਿਆ ਗਲੀ ਅਤੇ ਕਾਮੋਕੇ ਦਾ ਵੀਜ਼ਾ ਮਨਜੂਰ ਕਰਕੇ ਦੋ ਦਿਨ ਬਾਅਦ ਪਾਸਪੋਰਟ ਲੈ ਜਾਣ ਲਈ ਕਿਹਾ।

1947 ਤੋਂ ਬਾਅਦ ਇਹ ਮੇਰੀ ਪਹਿਲੀ ਪਾਕਿਸਤਾਨ ਦੀ ਯਾਤਰਾ ਸੀ। ਮੇਰੇ ਪਰਿਵਾਰ ਨੂੰ ਚਿੰਤਾ ਸੀ ਕਿ ਮੈਂ ਸੁਖੀ ਸਾਂਦੀ ਵਾਪਸ ਪਰਤ ਆਵਾਂ ਕਿਉਂਕਿ 1947 ਦੀ ਕਤਲੋ-ਗਾਰਤ ਮੇਰੀ ਮਾਂ ਦੇ ਦਿਲ ਉੱਪਰ ਉਕਰੀ ਹੋਈ ਸੀ। 31 ਮਈ ਨੂੰ ਮੈਂ ਆਪਣੇ ਪਰਿਵਾਰ ਸਮੇਤ ਟੈਕਸੀ ਤੇ ਸਵਾਰ ਹੋ ਕੇ ਵਾਹਗਾ ਬਾਰਡਰ ਪਹੁੰਚ ਗਿਆ। ਇਮੀਗਰੇਸ਼ਨ ਅਤੇ ਕਸਟਮ ਚੈੱਕ ਪੋਸਟਾਂ ਪਾਰ ਕਰਕੇ ਮੈਂ ਭਾਰਤ ਪਾਕ ਸਰਹੱਦ ਉੱਪਰ ਪਹੁੰਚ ਗਿਆ। ਬੀ.ਐਸ.ਐਫ. ਦੇ ਜਵਾਨ ਨੇ ਮੇਰੇ ਕਾਗਜ਼ ਪੱਤਰ ਚੈੱਕ ਕਰਕੇ ਪਾਕਿਸਤਾਨ ਦੀ ਹੱਦ ਅੰਦਰ ਦਾਖਲ ਹੋਣ ਦਿੱਤਾ। ਚੈਕਿੰਗ ਦਾ ਸਿਲਸਿਲਾ ਪਾਕਿਸਤਾਨ ਅੰਦਰ ਵੀ ਹੋਇਆ ਅਤੇ ਮੈਂ ਪਾਕਿਸਤਾਨੀ ਕਰੰਸੀ ਲੈ ਕੇ ਲਾਹੌਰ ਨੂੰ ਜਾਣ ਵਾਲੀ ਸੜਕ ਤੇ ਪਹੁੰਚ ਗਿਆ।

ਬਾਰਡਰ ਦੇ ਅੱਗੇ ਕੋਈ ਲੈਣ ਨਹੀਂ ਸੀ ਆਇਆ, ਜਿਸ ਕਰਕੇ ਮੇਰੇ ਮਨ ਅੰਦਰ ਡਰ ਅਤੇ ਸਹਿਮ ਦੀ ਭਾਵਨਾ ਸੀ। ਮੈਂ ਲਾਹੌਰ ਨੂੰ ਜਾਣ ਵਾਲੀ ਬੱਸ ਤੇ ਸਵਾਰ ਹੋ ਕੇ ਚੁੱਪ ਚਾਪ ਅਗਲੀ ਸੀਟ ’ਤੇ ਬੈਠ ਗਿਆ। ਨਾਲ ਦੀ ਸੀਟ ਤੇ ਬੈਠੇ ਬੰਦੇ ਨੇ ਤਪਾਕ ਨਾਲ ਪੁੱਛਿਆ ਸਰਦਾਰ ਜੀ ਨਨਕਾਣਾ ਜਾ ਰਹੇ ਹੋ। ਮੈਂ ਉਸਨੂੰ ਮੰਜ਼ਿਲ ਬਾਰੇ ਦੱਸਿਆ ਅਤੇ ਮੇਰਾ ਵਹਿਮ ਦੂਰ ਹੋ ਗਿਆ ਕਿ ਪਾਕਿਸਤਾਨ ਦੇ ਲੋਕ ਸਾਡੇ ਪੁਰਾਣੇ ਦੁਸ਼ਮਣ ਹਨ। ਬੱਸ ਅੱਡਾ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਹੀ ਸੀ। ਮੈਂ ਚਿੱਠੀ ਰਾਹੀਂ ਆਪਣੇ ਫਰਾਂਸੀਸੀ ਮਿੱਤਰ ਨੂੰ ਲਿਖ ਭੇਜਿਆ ਸੀ ਕਿ ਮੈਂ ਲਾਹੌਰ ਰੇਲਵੇ ਸਟੇਸ਼ਨ ਉੱਪਰ ਇੰਤਜ਼ਾਰ ਕਰਾਂਗਾ। ਮੇਰਾ ਦੋਸਤ ਪੰਜਾਬ ਯੂਨੀਵਰਸਿਟੀ ਵਿੱਚ ਫਰਾਂਸੀਸੀ ਭਾਸ਼ਾ ਦਾ ਪ੍ਰੋਫੈਸਰ ਸੀ, ਉਸ ਦੀ ਕਲਾਸ ਲੱਗੀ ਹੋਣ ਕਰਕੇ, ਉਸ ਨੇ ਆਪਣੇ ਸਾਥੀ ਨੂੰ ਭੇਜ ਦਿੱਤਾ।

ਮੈਨੂੰ ਫਰਾਂਸੀਸੀ ਭਾਸ਼ਾ ਗੁਜ਼ਾਰੇ ਜੋਗੀ ਆਉਂਦੀ ਹੈ, ਜਿਸ ਕਰਕੇ ਮੈਂ ਉਸਦੀ ਕਾਰ ਵਿੱਚ ਬੈਠ ਕੇ ਆਪਣੇ ਮਿੱਤਰ ਦੇ ਘਰ ਪਹੁੰਚ ਗਿਆ, ਜੋ ਕਿ ਲਾਹੌਰ ਦੇ ਇਕਬਾਲ ਟਾਊਨ ਵਿੱਚ ਸਥਿਤ ਸੀ। ਮੇਰੇ ਫਰਾਂਸੀਸੀ ਮਿੱਤਰ ਦੀ ਘਰਵਾਲੀ ਰਿਹਾਨਾ ਲਾਹੌਰ ਦੀ ਪੰਜਾਬਣ ਸੀ, ਜਿਸ ਕਰਕੇ ਮੇਰੀ ਸਮੱਸਿਆ ਦਾ ਹੱਲ ਹੋ ਗਿਆ। ਦੁਪਹਿਰ ਦਾ ਭੋਜਨ ਖਾ ਕੇ ਮੈਂ ਆਪਣੇ ਕਮਰੇ ਵਿੱਚ ਆਰਾਮ ਕਰਨ ਚਲਾ ਗਿਆ। ਸ਼ਾਮ ਨੂੰ ਸੈਰ ਕਰਨ ਦੀ ਆਦਤ ਸੀ, ਪਰ ਮੈਨੂੰ ਲਾਹੌਰ ਵਿੱਚ ਘਰ ਤੋਂ ਬਾਹਰ ਨਿਕਲਣ ਦੀ ਹਿੰਮਤ ਨਹੀਂ ਪੈ ਰਹੀ ਸੀ। ਮੇਰੇ ਮਿੱਤਰ ਦਾ ਘਰ ਸ਼ਹਿਰੋਂ ਬਾਹਰ ਸੀ ਅਤੇ ਕੋਈ ਵਿਰਲਾ ਟਾਵਾਂ ਮਰਦ ਹੀ ਨਜ਼ਰੀਂ ਪਿਆ।

1 ਜੂਨ ਦੀ ਸਵੇਰ ਨੂੰ ਨਾਸ਼ਤਾ ਕਰਕੇ ਮੇਰੇ ਮਿੱਤਰ ਦਾ ਦੋਸਤ ਮੈਨੂੰ ਲਾਹੌਰ ਦੇ ਬੱਸ ਸਟੈਂਡ ਉੱਪਰ ਛੱਡ ਗਿਆ। ਮੈਂ ਇਸਲਾਮਾਬਾਦ ਜਾਣ ਵਾਲੀ ਏ.ਸੀ. ਵੈਨ ਵਿੱਚ ਸੀਟ ਬੁੱਕ ਕਰਵਾ ਕੇ ਬੈਠ ਗਿਆ। ਜੀ.ਟੀ.ਰੋਡ ਉੱਪਰ ਤੇਜ਼ ਰਫਤਾਰ ਵੈਨਾਂ ਬੱਸਾਂ ਤੋਂ ਪਹਿਲਾਂ ਪਹੁੰਚਾ ਦਿੰਦੀਆਂ ਸਨ। ਲਾਹੌਰ ਤੋਂ ਇਸਲਾਮਾਬਾਦ ਜਾਣ ਵਾਲੀ ਸੜਕ ਅਮਰੀਕਾ ਦੀ ਮਦਦ ਨਾਲ ਬਣਾਈ ਗਈ ਸੀ। ਇਹ ਸਾਡੇ ਪੰਜਾਬ ਦੀਆਂ ਸੜਕਾਂ ਤੋਂ ਬਹੁਤ ਹੀ ਬਿਹਤਰ ਸੀ। ਇਸ ਦੀ ਚੌੜਾਈ ਸਾਡੀ ਜੀ.ਟੀ. ਰੋਡ ਤੋਂ ਦੁਗਣੀ ਅਤੇ ਪਾਸਿਆਂ ਤੇ ਕੰਡਿਆਲੀ ਤਾਰ ਲੱਗੀ ਹੋਣ ਕਰਕੇ ਅਵਾਰਾ ਪਸ਼ੂ ਸੜਕ ਉੱਪਰ ਨਹੀਂ ਆ ਸਕਦੇ ਸੀ। ਗੁਜਰਾਂਵਾਲਾ

ਲੰਘ ਕੇ ਜਿਹਲਮ ਦਰਿਆ ਉਪਰ ਵੱਸੇ ਜੇਹਲਮ ਸ਼ਹਿਰ ਵਿੱਚ ਚਾਹ ਪਾਣੀ ਪੀਣ ਲਈ ਰੁਕੇ। ਮੇਰੇ ਸਾਥੀ ਨੇ ਮੇਰੀ ਚਾਹ ਦਾ ਬਿੱਲ ਵੀ ਅਦਾ ਕਰ ਦਿੱਤਾ ਅਤੇ ਆਪਣੀ ਮੁਹੱਬਤ ਦਾ ਇਜ਼ਹਾਰ ਕੀਤਾ।

ਰਾਵਲ ਪਿੰਡੀ ਅਤੇ ਇਸਲਾਮਾਬਾਦ ਦੋ ਜੁੜਵੇਂ ਸ਼ਹਿਰ ਹਨ, ਜਿਵੇਂ ਚੰਡੀਗੜ੍ਹ ਅਤੇ ਮੋਹਾਲੀ ਜਾਂ ਹੈਦਰਾਬਾਦ ਅਤੇ ਸਿਕੰਦਰਾਬਾਦ। ਵੈਨ ਵਾਲੇ ਨੇ ਸਵਾਰੀਆਂ ਰਾਵਲਪਿੰਡੀ ਦੇ ਬੱਸ ਅੱਡੇ ਉੱਪਰ ਉਤਾਰ ਕੇ ਮੈਨੂੰ ਪੁਲਿਸ ਸਟੇਸ਼ਨ ਜਾਣ ਲਈ ਰਿਕਸ਼ਾ ਮੰਗਵਾ ਦਿੱਤੀ। ਪ੍ਰਬੰਧਕਾਂ ਨੇ ਦੱਸ ਰੱਖਿਆ ਸੀ ਕਿ ਮੈਂ ਪੁਲਿਸ ਸਟੇਸ਼ਨ ਜਾ ਕੇ ਰਿਪੋਰਟ ਕਰਨਾ ਹੈ। ਅੱਧੇ ਘੰਟੇ ਦੇ ਇੰਤਜ਼ਾਰ ਪਿੱਛੋਂ ਦੋ ਸੱਜਣ ਜੀਪ ਲੈ ਕੇ ਮੈਨੂੰ ਲੈਣ ਆ ਗਏ। ਅਸੀਂ ‘ਮਰੀ’ ਜਾਣ ਵਾਲੀ ਸੜਕ ਤੇ ਪੈ ਗਏ, ਰਸਤੇ ਵਿੱਚ ਮੇਰੇ ਲਈ ਭੋਜਨ ਪੇਸ਼ ਕੀਤਾ ਗਿਆ, ਜੋ ਮੇਰੀ ਲੋੜ ਤੋਂ ਜਿਆਦਾ ਸੀ। ਮਰੀ ਦਾ ਹਿੱਲ ਸਟੇਸ਼ਨ ਅੰਗਰੇਜ਼ਾਂ ਨੇ ਵਸਾਇਆ ਸੀ, ਜੋ ਸਾਡੀ ਮੈਸੂਰੀ ਵਰਗਾ ਹੈ। ਇਹ ਨੱਥਿਆ ਗਲੀ ਦੇ ਅੱਧ ਵਿਚਕਾਰ ਹੈ। ਲਗਭਗ 100 ਕਿਲੋਮੀਟਰ ਦਾ ਪਹਾੜੀ ਸਫਰ ਤੈਅ ਕਰਕੇ ਅਸੀਂ ਨੱਥਿਆ ਗਲੀ ਪਹੁੰਚੇ ਗਏ। ਮੇਰੇ ਲਈ ਇੱਕ ਪਹਾੜੀ ਉੱਪਰ ਰਹਿਣ ਦਾ ਪ੍ਰਬੰਧ ਸੀ। ਇਸ ਪਹਾੜੀ ਦੀ ਉਚਾਈ ਸ਼ਿਮਲੇ ਦੇ ਬਰਾਬਰ ਹੋਵੇਗੀ। ਜੂਨ ਦੇ ਮਹੀਨੇ ਵੀ ਇੱਥੇ ਗਰਮ ਸਵੈਟਰ ਦੀ ਲੋੜ ਪੈ ਰਹੀ ਸੀ। ਰਾਤ ਨੂੰ ਪਹਾੜੀ ਤੋਂ ਸ੍ਰੀ ਨਗਰ ਸ਼ਹਿਰ ਦੀਆਂ ਰੌਸ਼ਨੀਆਂ ਨਜ਼ਰ ਆ ਰਹੀਆਂ ਸਨ। ਦੂਜੇ ਪਾਸੇ ਇਸਲਾਮਾਬਾਦ ਅਤੇ ਰਾਵਲਪਿੰਡੀ ਦਾ ਰਾਤ ਦਾ ਨਜ਼ਾਰਾ ਨਜ਼ਰੀ ਪੈ ਰਿਹਾ ਸੀ। ਮੇਰੀ ਪਹਿਲੀ ਯਾਤਰਾ ਦੀ ਪਹਿਲੀ ਰਾਤ ਡੂੰਘੀ ਨੀਂਦ ਵਿੱਚ ਲੰਘ ਗਈ ਅਤੇ ਮੈਂ ਸੁਪਨਿਆਂ ਦਾ ਆਨੰਦ ਮਾਣਿਆ।

# ਭੌਤਿਕ ਵਿਗਿਆਨ ਦਾ ਸਮਰ ਸਕੂਲ

ਪ੍ਰੋਫੈਸਰ ਅਬਦੁੱਸ ਸਲਾਮ ਪਾਕਿਸਤਾਨ ਦੇ ਪਹਿਲੇ ਨੋਬਲ ਪੁਰਸਕਾਰ ਜੇਤੂ ਭੌਤਿਕ ਵਿਗਿਆਨੀ ਸਨ, ਜਿਨ੍ਹਾਂ ਨੂੰ 1979 ਵਿੱਚ ਨੋਬਲ ਪੁਰਸਕਾਰ ਮਿਲਿਆ। 25 ਜਨਵਰੀ 1981 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਅਬਦੁੱਸ ਸਲਾਮ ਨੂੰ ਇੱਕ ਵਿਸ਼ੇਸ਼ ਕਨਵੋਕੇਸ਼ਨ ਵਿੱਚ ਡਾਕਟਰ ਆਫ ਸਾਇੰਸ ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਤ ਕੀਤਾ। ਇਸ ਕਨਵੋਕੇਸ਼ਨ ਤੋਂ ਬਾਅਦ ਉਹ ਮੇਰੇ ਨਾਲ ਗੁਫਤਗੂ ਕਰਦੇ ਰਹੇ ਕਿਉਂਕਿ 1977 ਵਿੱਚ ਮੇਰੀ ਪਹਿਲੀ ਮੁਲਾਕਾਤ ਇਟਲੀ ਦੇ ਤਰਿਸਤੇ ਸ਼ਹਿਰ ਵਿੱਚ ਸਥਿਤ ਆਈ.ਸੀ.ਟੀ.ਪੀ.(ICTP) ਦੇ ਇਕ ਕੋਰਸ ਵਿੱਚ ਸ਼ਮੂਲੀਅਤ ਕਰਕੇ ਹੋਈ ਸੀ। ਅਬਦੁੱਸ ਸਲਾਮ ਦੀ ਇੱਛਾ ਸੀ ਕਿ ਇਹ ਅੰਤਰਰਾਸ਼ਟਰੀ ਖੋਜ ਕੇਂਦਰ ਪਾਕਿਸਤਾਨ ਵਿੱਚ ਬਣੇ, ਪਰੰਤੂ ਪਾਕਿਸਤਾਨ ਦੀ ਸਰਕਾਰ ਨੇ ਕੋਈ ਹਾਮੀ ਨਾ ਭਰੀ, ਜਿਸ ਕਰਕੇ ਇਸ ਦੀ ਸਥਾਪਨਾ ਇਟਲੀ ਦੇ ਤਰੀਸਤੇ ਸ਼ਹਿਰ ਵਿੱਚ ਹੋਈ। ਨੱਥਿਆ ਗਲੀ ਦੀ ਅੰਤਰਰਾਸ਼ਟਰੀ ਵਰਕਸ਼ਾਪ ਜਾਂ ਸਮਰ ਸਕੂਲ (Summer School) ਆਈ.ਸੀ.ਟੀ.ਪੀ. ਦੇ ਪ੍ਰਬੰਧ ਹੇਠ ਹੀ ਕੀਤਾ ਗਿਆ ਸੀ। ਇਸ ਵਿੱਚ ਏਸ਼ੀਆ ਦੇ ਦੇਸ਼ਾਂ ਤੋਂ ਇਲਾਵਾ ਅਫਰੀਕਾ ਦੇ ਦੇਸ਼ਾਂ ਤੋਂ ਵੀ ਭੌਤਿਕ ਵਿਗਿਆਨੀ ਸ਼ਾਮਿਲ ਹੋਏ ਸਨ। ਪਾਕਿਸਤਾਨ ਦੇ ਵਿਗਿਆਨੀ ਵੀ ਹਾਜ਼ਰ ਸਨ।

1981 ਵਾਲਾ ਬਾਰਵਾਂ ਸਮਰ ਸਕੂਲ ਸੀ ਕਿਉਂਕਿ 1970 ਵਿੱਚ ਪਹਿਲਾ ਨੱਥਿਆ ਗਲੀ ਵਿੱਚ ਹੋਇਆ ਸੀ। ਇਸ ਵਿੱਚ 40 ਦੇ ਕਰੀਬ ਵਿਗਿਆਨੀ ਹਾਜ਼ਰ ਸਨ, ਦੋ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਕਣ–ਭੌਤਿਕ ਵਿਗਿਆਨ ਦੇ ਮਾਹਰ ਲੈਕਚਰ ਦੇਣ ਲਈ ਬੁਲਾਏ ਗਏ ਸਨ। ਇਹਨਾਂ ਵਿੱਚ ਇੱਕ ਚੀਨੀ ਵਿਗਿਆਨੀ, ਜੋ ਅਮਰੀਕਾ ਵਿੱਚ ਵੱਸਿਆ ਹੋਇਆ ਸੀ ਅਤੇ ਦੂਜਾ ਪ੍ਰੋਫੈਸਰ

ਵਾਈਨਬਰਗ ਅਮਰੀਕਾ ਦਾ ਵਿਗਿਆਨੀ ਸੀ, ਜਿਸ ਨੇ ਅਬਦੁੱਸ ਸਲਾਮ ਦੇ ਨਾਲ ਨੋਬਲ ਪੁਰਸਕਾਰ ਸਾਂਝੇ ਤੌਰ ਤੇ ਜਿੱਤਿਆ ਸੀ। ਬਹੁਤੇ ਲੈਕਚਰ ਸਿਧਾਂਤਕ ਭੌਤਿਕ ਵਿਗਿਆਨ ਦੇ ਵਿਸ਼ਿਆਂ ਉੱਪਰ ਸਨ, ਜਿਸ ਕਰਕੇ ਮੇਰੇ ਵਰਗੇ ਪ੍ਰਾਯੋਗਿਕ ਭੌਤਿਕ ਵਿਗਿਆਨੀ ਦੀ ਸਮਝ ਤੋਂ ਬਾਹਰ ਸਨ। ਕਦੇ ਕਦਾਈਂ ਪਾਕਿਸਤਾਨ ਦੇ ਐਟੋਮਿਕ ਊਰਜਾ ਦੇ ਇੰਸਟੀਚਿਊਟ ਪਿੰਨਸਟੈਕ (PINSTEC) ਦੇ ਵਿਗਿਆਨੀ ਵੀ ਲੈਕਚਰ ਦੇਣ ਆਉਂਦੇ ਸਨ।

ਚਾਰ ਹਫਤਿਆਂ ਦੇ ਸਮਰ ਸਕੂਲ ਵਿੱਚ ਵੀਕਐਂਡ (ਸ਼ਨੀ ਅਤੇ ਐਤਵਾਰ) ਨੂੰ ਤਫਰੀਹ ਦੇ ਪਲ ਹਾਸਿਲ ਹੁੰਦੇ ਸਨ। ਇਕ ਵੀਕਐਂਡ ਨੂੰ ਮਰੀ ਦੇ ਪਹਾੜੀ ਸੈਰਗਾਹ ਸਟੇਸ਼ਨ ਦੀ ਯਾਤਰਾ ਕੀਤੀ। ਅੰਗਰੇਜ਼ਾਂ ਵੇਲੇ ਦੀਆਂ ਇਮਾਰਤਾਂ ਵੇਖੀਆਂ ਕਿਉਂਕਿ ਮਰੀ, ਮੈਸੂਰੀ ਅਤੇ ਸ਼ਿਮਲਾ ਬ੍ਰਿਟਿਸ਼ ਰਾਜ ਕਾਲ ਵੇਲੇ ਗਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਉਸਾਰੇ ਗਏ ਸਨ। ਬਲਕਿ ਸ਼ਿਮਲਾ ਤਾਂ ਅੰਗਰੇਜੀ ਸਰਕਾਰ ਵੇਲੇ ਗਰਮੀਆਂ ਦੀ ਰਾਜਧਾਨੀ ਵੀ ਹੋਇਆ ਕਰਦੀ ਸੀ।

ਸਭ ਤੋਂ ਯਾਦਗਾਰੀ ਵੀਕਐਂਡ ਨੱਥਿਆ ਗਲੀ ਤੋਂ ਐਬਟਾਬਾਦ ਰਸਤੇ ਪੇਸ਼ਾਵਰ ਦੀ ਯਾਤਰਾ ਸੀ। ਇਸ ਪਹਾੜੀ ਰਸਤੇ ਅਸੀਂ ਬੱਸ ਰਾਹੀਂ ਸਫਰ ਕੀਤਾ। ਰਸਤੇ ਵਿੱਚ ਹਰੀਪੁਰ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲਵੇ ਦਾ ਵਸਾਇਆ ਹੋਇਆ ਸ਼ਹਿਰ ਵੀ ਆਇਆ। ਸਿੰਧ ਦਰਿਆ ਨੂੰ ਅਟਕ ਦੇ ਪੁਲ ਉਪਰੋਂ ਪਾਰ ਕਰਕੇ ਨੁਸ਼ਹਿਰਾ ਦੇ ਰਸਤੇ ਅਸੀਂ ਪਿਸ਼ਾਵਰ ਜਾ ਡੇਰਾ ਲਾਇਆ। ਪਿਸ਼ਾਵਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਇਟਾਲੀਅਨ ਜਰਨੈਲ ਦੇ ਨਾਮ ਦੀ ਪਲੇਟ ਵੇਖੀ, ਜਿਸ ਨੇ ਇਹ ਕਿਲਾ ਫਤਹਿ ਕੀਤਾ ਸੀ। ਪੁਰਾਣੇ ਸ਼ਹਿਰ ਦਾ ਗੇੜਾ ਲਾ ਕੇ ਬਹੁਤੇ ਸਾਥੀ ਆਪਣੇ ਹੋਟਲ ਵੱਲ ਪਰਤ ਗਏ, ਪ੍ਰੰਤੂ ਕੁਝ ਤੇਜ ਤਰਾਰ ਅਫਗਾਨਿਸਤਾਨ ਦੀ ਹੱਦ ਵੱਲ ਜਮਰੌਦ ਦੇ ਕਿਲੇ ਵੱਲ ਚਲੇ ਗਏ। ਵਾਪਸੀ ਤੇ ਉਹ ਬਾਰਡਰ ਤੋਂ ਪੇਨ-ਪਿਸਟਲ (Pen-pistol) ਖਰੀਦ ਲਿਆਏ।

ਪਿਸ਼ਾਵਰ ਤੋਂ ਵਾਪਸੀ ਦਾ ਸਫਰ ਹਸਨ ਅਬਦਾਲ ਦੇ ਰਾਹੀਂ ਸੀ। ਮੈਂ ਟੂਰ ਇੰਚਾਰਜ ਨੂੰ ਕਹਿ ਰੱਖਿਆ ਸੀ ਕਿ ਰਸਤੇ ਵਿੱਚ ਪੰਜਾ ਸਾਹਿਬ ਗੁਰਦੁਆਰੇ ਕੋਲ ਬੱਸ ਰੋਕ ਦੇਣੀ। ਬੜੀ ਮੁਸ਼ਕਿਲ ਨਾਲ 15 ਮਿੰਟ ਬੱਸ ਰੁਕਵਾਈ ਅਤੇ

ਮੈਂ ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਉਸਾਰੇ ਗਏ ਪੰਜਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ। ਮੇਰੀ ਉਤਸੁਕਤਾ ਗੁਰੂ ਜੀ ਦੀ ਯਾਦ ਵਿੱਚ ਵਲੀ ਕੰਧਾਰੀ ਵੱਲੋਂ ਰੇੜੇ ਗਏ ਪੱਥਰ ਉੱਪਰ ਉੱਕਰੇ ਪੰਜੇ ਦੇ ਨਿਸ਼ਾਨ ਵੇਖਣ ਦੀ ਸੀ। ਕਈ ਮੁਸਲਮਾਨ ਵਿਗਿਆਨੀ ਵੀ ਇਸ ਪੰਜੇ ਨੂੰ ਦੇਖਣ ਆਏ।

ਸਮਰ ਸਕੂਲ ਦੇ ਆਖਰੀ ਦਿਨ ਪਾਕਿਸਤਾਨ ਐਟੋਮਿਕ ਊਰਜਾ ਦੇ ਡਾਇਰੈਕਟਰ ਵਿਦਾਈਗੀ ਸਮਾਰੋਹ ਵਿੱਚ ਸ਼ਾਮਿਲ ਹੋਏ। ਰਾਤ ਦੇ ਡਿਨਰ ਸਮੇਂ ਉਹ ਉਚੇਚੇ ਤੌਰ ਤੇ ਮੇਰੇ ਨਾਲ ਗੁਫਤਗੂ ਕਰਦੇ ਰਹੇ। ਉਹ 1947 ਤੋਂ ਪਹਿਲਾਂ ਹੁਸ਼ਿਆਰਪੁਰ ਦੇ ਵਸਨੀਕ ਸਨ ਅਤੇ ਮੈਂ ਗੁਜਰਾਂਵਾਲੇ ਜਿਲੇ ਦੇ ਕਾਮੋਕੇ ਕਸਬੇ ਦਾ ਰਹਿਣ ਵਾਲਾ ਸੀ। ਰੰਗਾਰੰਗ ਪ੍ਰੋਗਰਾਮ ਵਿੱਚ ਮੇਰਾ ਮੁਕਾਬਲਾ ਸਰਹੱਦ-ਏ-ਬੁਲਬੁਲ ਨਾਲ ਕਰਵਾਇਆ ਗਿਆ। ਪੰਜਾਬੀ ਟੱਪੇ ਗਾਉਣ ਵਿੱਚ ਮੇਰੀ ਚੰਗੀ ਮੁਹਾਰਤ ਸੀ, ਜਿਸ ਕਰਕੇ ਮੈਂ ਉਸ ਦਾ ਮੁਕਾਬਲਾ ਡਟ ਕੇ ਕੀਤਾ। ਸਭ ਸਰੋਤਿਆਂ ਨੇ ਮੇਰੀ ਕਾਰਗੁਜ਼ਾਰੀ ਦੀ ਸਿਫਤ ਕੀਤੀ। ਇਸ ਗਾਇਕਾ ਦਾ ਨਾਮ ਮਹਾਜ਼ਬੀਨ ਕਜਲਬਾਸ਼ ਸੀ, ਜੋ ਹੁਣ ਫੌਤ ਹੋ ਚੁੱਕੀ ਹੈ।



ਬੁਲਬੁਲ-ਏ-ਸਰਹਦ, ਮਹਾਜ਼ਬੀਨ ਕਜ਼ਲਬਾਸ਼ ਦੇ ਨਾਲ ਇਕ ਦੋਗਾਣਾ

# ਕਾਮੋਕੇ, ਲਾਹੌਰ ਅਤੇ ਨਨਕਾਣਾ ਸਾਹਿਬ ਦੀ ਯਾਤਰਾ

ਨੱਥਿਆ ਗਲੀ ਤੋਂ ਵਾਪਸ ਪਰਤਣ ਤੇ ਇਕ ਰਾਤ ਪਾਕਿਸਤਾਨ ਐਟੋਮਿਕ ਊਰਜਾ ਦੇ ਗੈਸਟ ਹਾਊਸ ਵਿੱਚ ਠਹਿਰਨ ਦਾ ਮੌਕਾ ਮਿਲਿਆ। ਮੇਰੀ ਤਮੰਨਾ ਸੀ ਕਿ ਰਾਵਲਪਿੰਡੀ ਦੇ ਬਾਜ਼ਾਰਾਂ ਵਿੱਚ ਘੁੰਮਿਆ ਜਾਵੇ ਪਰੰਤੂ ਮੈਂ ਕਿਸੇ ਖਤਰੇ ਨੂੰ ਮੁੱਲ ਨਹੀਂ ਲੈਣਾ ਚਾਹੁੰਦਾ ਸੀ। ਮੇਰੇ ਮਨ ਵਿੱਚ 1947 ਦੇ ਹਾਲਾਤ ਘੁੰਮ ਰਹੇ ਸਨ। ਜਦੋਂ ਮੁਸਲਿਮ ਲੀਗ ਦੀ ਮਾਸਟਰ ਤਾਰਾ ਸਿੰਘ ਨੇ ਪੰਜਾਬ ਅਸੈਬਲੀ ਦੇ ਅੰਦਰ ਅਤੇ ਬਾਹਰ ਵਿਰੋਧਤਾ ਕੀਤੀ, ਜਿਸ ਕਰਕੇ ਲੀਗੀਆ ਨੇ ਰਾਵਲਪਿੰਡੀ ਜਿਲੇ ਦੇ 5 ਹਜਾਰ ਸਿੱਖਾਂ ਦਾ ਕਤਲ ਕਰ ਦਿੱਤਾ ਸੀ। ਮੇਰੇ ਪ੍ਰਾਇਮਰੀ ਸਕੂਲ ਦੇ ਸਾਹਮਣੇ ਜੀ.ਟੀ.ਰੋਡ ਲੰਘਦੀ ਸੀ ਅਤੇ ਮੈਂ ਮਾਰਚ 1947 ਵਿੱਚ ਸਿੱਖਾਂ ਦੇ ਕਾਫਲੇ ਲਾਹੌਰ ਵੱਲ ਜਾਂਦੇ ਵੇਖੇ ਸਨ।

30 ਜੂਨ ਸਵੇਰੇ ਮੈਂ ਲਾਹੌਰ ਜਾਣ ਵਾਲੀ ਏ.ਸੀ. ਵੈਨ ਤੇ ਸਵਾਰ ਹੋ ਕੇ ਚਾਲੇ ਪਾ ਦਿੱਤੇ। ਰਸਤੇ ਵਿੱਚ ਜਿਹਲਮ ਅਤੇ ਚਿਨਾਬ ਦੇ ਦਰਿਆ ਪਾਰ ਕਰਕੇ ਅਸੀਂ ਗੁਜਰਾਂਵਾਲੇ ਦੇ ਬਾਈਪਾਸ ਤੋਂ ਲੰਘ ਰਹੇ ਸਾਂ। ਮੇਰੇ ਮਨ ਦੇ ਚਿੱਤਰਪਟ ਉੱਤੇ ਆਪਣੇ ਬਚਪਨ ਦੀਆਂ ਯਾਦਾਂ ਘੁੰਮ ਰਹੀਆਂ ਸਨ। ਮੇਰੀ ਮਾਂ ਐਮਨਾਬਾਦ ਵਿੱਚ ਰੋੜੀ ਸਾਹਿਬ ਦੇ ਗੁਰਦੁਆਰੇ ਖੀਰ ਦਾ ਲੰਗਰ ਖਵਾਇਆ ਕਰਦੀ ਸੀ। ਐਮਨਾਬਾਦ ਲੰਘ ਕੇ ਮੇਰਾ ਦਾਦਕਾ ਕਸਬਾ ਕਾਮੋਕੇ ਆਉਣ ਵਾਲਾ ਸੀ। ਮੈਂ ਝਕਦੇ ਝਕਦੇ ਵੈਨ ਦੇ ਡਰਾਈਵਰ ਨੂੰ ਕਿਹਾ ਕਿ ਮੈਨੂੰ ਕਾਮੋਕੇ ਦੇ ਅੱਡੇ ਤੇ ਉਤਾਰ ਦੇਵੇ। ਉਸਨੇ ਮੇਰੀ ਗੱਲ ਮੰਨ ਲਈ ਅਤੇ ਵਿਸ਼ਵਾਸ ਦਿਵਾਇਆ ਕਿ ਮੇਰਾ ਸਮਾਨ ਉਹ ਲਾਹੌਰ ਦੇ ਅੱਡੇ ਉੱਪਰ ਪਹੁੰਚਾ ਦੇਵੇਗਾ।

ਵੈਨ ਤੋ ਉਤਰ ਕੇ ਮੈਂ ਕਾਮੋਕੇ ਦੀਆਂ ਗਲੀਆਂ ਵੱਲ ਤੁਰ ਪਿਆ। ਇਕ ਸੱਜਣ ਨੂੰ ਗੁਰਦੁਆਰੇ ਦਾ ਰਾਹ ਪੁੱਛਿਆ, ਪਰ ਉਹ ਕੋਈ ਥਹੁ ਪਤਾ ਨਾ ਦੱਸ ਸਕਿਆ, ਦੂਜੀ ਨਿਸ਼ਾਨੀ ਛੱਤੀ ਹੋਈ ਗਲੀ ਦੀ ਮੇਰੇ ਜਿਹਨ ਵਿੱਚ ਘੁੰਮ ਰਹੀ

ਸੀ, ਜਿਸ ਕਰਕੇ ਉਹ ਸੱਜਣ ਮੈਨੂੰ ਉਸ ਗਲੀ ਵਿੱਚ ਲੈ ਗਿਆ। ਛੱਤੀ ਗਲੀ ਪਾਰ ਕਰਦਿਆਂ, ਮੈਨੂੰ ਆਪਣਾ ਜੱਦੀ ਘਰ ਲੱਭ ਪਿਆ। ਘਰ ਅੰਦਰ ਵੜਨ ਦੀ ਮੇਰੀ ਹਿੰਮਤ ਨਹੀਂ ਸੀ, ਪ੍ਰੰਤੂ ਉਸ ਸਾਥੀ ਦੀ ਮਦਦ ਨਾਲ ਘਰ ਦੇ ਮਾਲਕ ਨੂੰ ਜਾ ਮਿਲਿਆ। ਘਰ ਦੇ ਸਾਰੇ ਜੀਅ ਇਕੱਠੇ ਹੋ ਗਏ, ਜੋ ਕੇ ਫਤਿਹਗੜ ਚੂੜੀਆਂ ਤੋਂ ਉੱਜੜ ਕੇ ਕਾਮੋਕੇ ਆ ਵਸੇ ਸਨ।

ਘਰ ਦੇ ਮਾਲਕ ਨੇ ਮੇਰੀ ਮਦਦ ਲਈ ਸਾਡੇ ਮੁਹੱਲੇ ਦੀ ਮਰਾਸਣ ਅਤੇ ਮੌਲਵੀ ਨੂੰ ਸੱਦ ਲਿਆਂਦਾ। ਇਹ ਦੋਵੇਂ ਮੇਰੇ ਪਰਿਵਾਰ ਨੂੰ ਜਾਣਦੇ ਸਨ। ਮਰਾਸਣ ਨੇ ਦੱਸਿਆ ਜਦੋਂ ਮੇਰੀ ਦਾਦੀ ਘਰ ਵਿੱਚ ਇਕੱਲੀ ਰਹਿ ਗਈ ਸੀ ਅਤੇ ਸਾਡਾ ਪਰਿਵਾਰ ਕਾਫਲੇ ਨਾਲ ਲਾਹੌਰ ਵੱਲ ਰਵਾਨਾ ਹੋ ਗਿਆ ਸੀ, ਤਾਂ ਉਹ ਉਸ ਨੂੰ ਰੋਟੀ ਪਹੁੰਚਾਇਆ ਕਰਦੀ ਸੀ। ਇਸ ਦੁਖਾਂਤ ਦਾ ਮੈਨੂੰ ਪਤਾ ਸੀ। ਦਾਦੀ ਨੂੰ ਪੋਲੀਓ ਕਾਰਨ ਇਕ ਲੱਤ ਉਪਰ ਚਲਣਾ ਪੈਂਦਾ ਸੀ। ਜਦੋਂ ਕਾਮੋਕੇ ਗੋਲੀ ਚੱਲ ਰਹੀ ਸੀ ਤਾਂ ਅਸੀਂ ਸਾਰੇ ਜੀਅ ਭੱਜ ਕੇ ਜਥੇਦਾਰ ਹਰੀ ਸਿੰਘ ਵਿਰਕ ਦੇ ਘਰ ਜਾ ਲੁਕੇ। ਜਥੇਦਾਰ ਕੋਲ ਪੱਕੀ ਰਾਈਫਲ ਸੀ ਅਤੇ ਉਹ ਹੱਲੇ ਦਾ ਮੁਕਾਬਲਾ ਕਰ ਰਿਹਾ ਸੀ। ਦਾਦੀ ਦਾ ਖਿਆਲ ਸੀ ਕਿ ਅਸੀਂ ਘਰ ਪਰਤ ਆਵਾਂਗੇ। 14 ਅਗਸਤ ਨੂੰ ਪਾਕਿਸਤਾਨ ਬਣ ਗਿਆ ਸੀ, ਪਰ ਲੋਕ ਸਮਝਦੇ ਸਨ ਕਿ ਅਸੀਂ ਉਜੜ ਕੇ ਕਿਧਰੇ ਨਹੀਂ ਜਾਵਾਂਗੇ। ਮੇਰੇ ਬਾਪ ਨੂੰ ਜਦੋਂ ਖਿਆਲ ਆਇਆ ਤਾਂ ਉਹ ਲੁਕਦਾ ਛਿਪਦਾ ਦੋ ਦਿਨ ਬਾਅਦ ਆਪਣੀ ਮਾਂ ਨੂੰ ਘਰੋਂ ਲੱਭ ਲਿਆਇਆ। ਉਹ ਜੀਅ-ਭਿਆਣੀ ਦੁੱਧ ਦੇ ਹਾਰੇ ਵਿੱਚ ਲੁਕੀ ਬੈਠੀ ਸੀ।

ਮਿਰਾਸਣ ਮੇਰੀ ਮਾਂ ਦੇ ਦਰਦ ਨੂੰ ਵੀ ਜਾਣਦੀ ਸੀ। ਜਦੋਂ ਮੇਰੇ ਬਾਪ ਨੇ ਦੂਸਰੀ ਸ਼ਾਦੀ ਕਰ ਲਈ ਸੀ, ਉਸਦੀ ਹਮਦਰਦੀ ਮੇਰੀ ਮਾਂ ਨਾਲ ਸੀ। ਮਿਰਾਸਣ ਦੇ ਬਿਰਤਾਂਤ ਨੇ ਮੈਨੂੰ ਭਾਵਾਂ ਦੇ ਵਹਿਣ ਵਿੱਚ ਰੋੜ ਦਿੱਤਾ ਅਤੇ ਮੈਂ ਭੁੱਬਾਂ ਮਾਰ ਕੇ ਰੋਣ ਲੱਗਾ। ਉਸ ਨੇ ਮੈਨੂੰ ਆਪਣੀ ਗੋਦ ਵਿੱਚ ਲੈ ਕੇ ਦਿਲਾਸਾ ਦਿੱਤਾ। ਵਿਦਾ ਹੋਣ ਤੋਂ ਪਹਿਲਾਂ ਮੈਂ ਜਥੇਦਾਰ ਹਰੀ ਸਿੰਘ ਦੇ ਘਰ ਜਾਣ ਦੀ ਤਮੰਨਾ ਜਾਹਿਰ ਕੀਤੀ। ਘਰ ਦਾ ਮਾਲਕ ਮੇਰੀਆਂ ਦੱਸੀਆਂ ਨਿਸ਼ਾਨੀਆਂ ਸੁਣ ਕੇ ਹਰੀ ਸਿੰਘ ਦੇ ਘਰ ਲੈ ਗਿਆ। ਦੁਪਹਿਰ ਦਾ ਸਮਾਂ ਸੀ ਅਤੇ ਪਰਿਵਾਰ ਨੇ ਮੇਰੇ ਲਈ ਥਾਲੀ ਵਿੱਚ ਰੋਟੀ ਪਰੋਸ ਲਿਆਂਦੀ। ਮੈਂ ਉਹਨਾਂ ਦੀ ਮਹਿਮਾਨ

ਨਿਵਾਜੀ ਸਵੀਕਾਰ ਕਰਕੇ ਰੋਟੀ ਖਾ ਲਈ। ਜਦੋਂ ਬੱਸ ਅੱਡੇ ਵੱਲ ਤੁਰਿਆ ਤਾਂ ਮੇਰੇ ਪਿੱਛੇ ਸ਼ਰਾਰਤੀ ਬੱਚਿਆਂ ਦੀ ਭੀੜ ਲੱਗ ਗਈ, ਜੋ ਬੱਸ ਅੱਡੇ ਤੱਕ ਮੇਰੇ ਮਗਰ ਲੱਗੀ ਰਹੀ।



ਕਾਮੋਕੇ, ਜਿਲਾ ਗੁਜ਼ਰਾਂਵਾਲਾ, ਵਿੱਚ ਮੇਰਾ ਜੱਦੀ ਘਰ

ਲਾਹੌਰ ਜਾਣ ਵਾਲੀ ਬੱਸ ਤੇ ਸਵਾਰ ਹੋ ਕੇ ਮੈਂ ਆਪਣਾ ਸਮਾਨ ਢੂੰਡਿਆ, ਜੋ ਸਹੀ ਸਲਾਮਤ ਮਿਲ ਗਿਆ। ਅੰਮ੍ਰਿਤਸਰ ਤੋਂ ਚੱਲਣ ਸਮੇਂ ਮੈਂ ਪੈਰਿਸ ਦੇ ਦੋਸਤ ਅਸਗਰ ਅਲੀ ਨੂੰ ਖਤ ਲਿਖ ਕੇ ਨੱਥਿਆ ਗਲੀ ਦੇ ਸਮਰ ਸਕੂਲ ਬਾਰੇ ਜਾਣਕਾਰੀ ਭੇਜ ਦਿੱਤੀ ਸੀ। ਅਸਗਰ ਨੂੰ ਜਦੋਂ ਮੇਰੀ ਚਿੱਠੀ ਮਿਲੀ ਤਾਂ ਉਹ ਮੇਰੀ ਭਾਲ ਲਈ ਨੱਥਿਆਗਲੀ ਆ ਪਹੁੰਚਿਆ। ਉਹ ਗੁਲਬਰਗ ਦੇ ਮਸ਼ਹੂਰ ਇਲਾਕੇ ਵਿੱਚ ਰਹਿੰਦਾ ਸੀ। ਜਦੋਂ ਮੈਂ ਲਾਹੌਰ ਬੱਸ ਅੱਡੇ ਤੇ ਪਹੁੰਚਿਆ ਤਾਂ ਅਸਗਰ ਦਾ ਡਰਾਈਵਰ ਅੱਗੋਂ ਲੈਣ ਆਇਆ ਹੋਇਆ ਸੀ। ਮੈਂ ਦੋ ਰਾਤਾਂ ਗੁਲਬਰਗ ਉਸਦੇ ਘਰ ਠਹਿਰਿਆ। ਉਸਦੇ ਦੋ ਪੁੱਤਰ ਮੈਨੂੰ ਵੇਖ ਕੇ ਬਹੁਤ ਹੈਰਾਨ ਹੋਏ। ਅਸਗਰ ਦੇ ਮਨਾ ਕਰਨ ਤੇ ਵੀ ਉਹ ਮੇਰੀ ਪੱਗ ਅਤੇ ਦਾੜੀ ਬਾਰੇ ਪੁੱਛਦੇ ਰਹੇ। ਅਸਗਰ ਦਾ ਬਾਪ ਫੌਜੀ ਜਰਨੈਲ ਸੀ ਅਤੇ ਮਾਂ ਨੇ ਆਪਣੀ ਸਿੱਖ ਸਹੇਲੀ ਲਈ ਕੁਝ ਤੋਹਫੇ ਭੇਂਟ ਕੀਤੇ। ਇਹ ਦੋਵੇਂ ਕੈਨਾਰਡ ਕਾਲਜ ਵਿੱਚ ਪੜ੍ਹੀਆਂ ਸਨ, ਜੋ ਲੜਕੀਆਂ ਦਾ ਲਾਹੌਰ ਵਿੱਚ ਮਸ਼ਹੂਰ ਕਾਲਜ ਹੈ।

ਅਗਲੀ ਸਵੇਰ ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਮੈਂ ਨਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ। ਅਸਗਰ ਇਕ ਫੈਕਟਰੀ ਵਿੱਚ ਚੀਫ ਇੰਜੀਨੀਅਰ ਸੀ, ਜਿਸ ਕਰਕੇ ਉਹ ਮੇਰੇ ਨਾਲ ਨਹੀਂ ਗਿਆ। ਰਸਤੇ ਵਿੱਚ ਸ਼ੇਖੂਪੁਰੇ ਦਾ ਕਿਲਾ ਵੇਖ ਕੇ ਅਸੀਂ ਬਾਰਬਰਟਨ ਦੇ ਕਸਬੇ ਨੂੰ ਪਾਰ ਕਰਕੇ ਨਨਕਾਣਾ ਸਾਹਿਬ ਪਹੁੰਚ ਗਏ। 1981 ਤੱਕ ਇਹ ਗੁਰਦੁਆਰਾ ਆਪਣੇ ਅਸਲੀ ਰੂਪ ਵਿੱਚ ਕਾਇਮ ਸੀ। ਇੱਥੇ ਕਾਰ ਸੇਵਾ ਵਾਲੇ ਬਾਬਿਆਂ ਦਾ ਹਥੌੜਾ ਨਹੀਂ ਚਲਿਆ ਸੀ। ਨਨਕਾਣਾ ਸਾਹਿਬ ਜਨਮ ਅਸਥਾਨ ਗੁਰਦੁਆਰੇ ਦੇ ਦਰਸ਼ਨ ਕਰਕੇ ਅਸੀਂ ਲਾਹੌਰ ਪਰਤ ਆਏ। 34 ਸਾਲਾਂ ਬਾਅਦ ਇਸ ਇਤਿਹਾਸਿਕ ਸ਼ਹਿਰ ਦੇ ਦਰਸ਼ਨ ਨਸੀਬ ਹੋਏ ਸਨ। ਅਸਗਰ ਮੈਨੂੰ ਬਾਘਾ ਬਾਰਡਰ ਤੱਕ ਛੱਡਣ ਆਇਆ। ਇਕ ਮਹੀਨੇ ਦੇ ਵਿਛੋੜੇ ਬਾਅਦ ਮੈਂ ਆਪਣੇ ਪਰਿਵਾਰ ਨੂੰ ਮਿਲਿਆ ਅਤੇ ਆਪਣੀ ਯਾਤਰਾ ਦਾ ਹਾਲ ਸੁਣਾਇਆ।

— ¤ —

# ਪਾਕਿਸਤਾਨ ਦੀ ਦੂਜੀ ਯਾਤਰਾ

1983 ਵਿੱਚ ਲਾਹੌਰ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਮੇਰਾ ਖੋਜ ਪੱਤਰ ਪ੍ਰਵਾਨ ਹੋ ਗਿਆ, ਜਿਸ ਕਰਕੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਪਾਕਿਸਤਾਨ ਦਾ ਵੀਜ਼ਾ ਮਿਲ ਗਿਆ। ਇਸ ਕਾਨਫਰੰਸ ਦਾ ਵਿਸ਼ਾ ਨਵਿਆਉਣਯੋਗ ਊਰਜਾ (Renewable Energy) ਸਰੋਤ ਸੀ ਅਤੇ ਇਸ ਨੂੰ ਅਮਰੀਕਾ ਦੇ ਵਿਗਿਆਨੀ ਲਾਹੌਰ ਵਿੱਚ ਕਰਵਾ ਰਹੇ ਸਨ। ਵੀਜ਼ਾ ਮਿਲਣ ਉਪਰੰਤ ਮੈਂ ਆਪਣੇ ਫਰਾਂਸੀਸੀ ਮਿੱਤਰ ਪ੍ਰੋਫੈਸਰ ਜੌਨ ਮਾਰੀ ਲਾਫੋਂ ਨੂੰ ਪੱਤਰ ਲਿਖਿਆ। ਇਸ ਵਾਰ ਮੈਂ ਆਪਣੀ ਪਤਨੀ ਅਤੇ ਛੋਟੇ ਪੁੱਤਰ ਦੇ ਨਾਲ ਜਾ ਰਿਹਾ ਸਾਂ। ਸੜਕ ਦੇ ਰਸਤੇ ਜਾਣ ਦੀ ਬਜਾਏ ਅਸੀਂ ਸਮਝੌਤਾ ਐਕਸਪ੍ਰੈਸ ਗੱਡੀ ਤੇ ਜਾਣ ਦਾ ਪ੍ਰੋਗਰਾਮ ਬਣਾਇਆ। ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ 10 ਵਜੇ ਗੱਡੀ ਤੇ ਸਵਾਰ ਹੋ ਕੇ ਵਾਹਗਾ ਬਾਰਡਰ ਵੱਲ ਰਵਾਨਾ ਹੋਏ। ਬਾਰਡਰ ਦੇ ਦੋਵੇਂ ਪਾਸੇ ਘੋੜ ਸਵਾਰ ਗੱਡੀ ਦੇ ਨਾਲ ਘੋੜੇ ਦੌੜਾ ਰਹੇ ਸਨ, ਤਾਂ ਕਿ ਹੌਲੀ ਚੱਲ ਰਹੀ ਗੱਡੀ ਤੋਂ ਕੋਈ ਸਮਗਲਰ ਆਪਣੀ ਖੇਪ ਨਾ ਸੁੱਟ ਸਕੇ। ਪਾਕਿਸਤਾਨ ਦੇ ਪਾਸੇ ਸਾਨੂੰ ਗੱਡੀ ਵਿੱਚੋਂ ਉਤਾਰ ਕੇ ਪਾਸਪੋਰਟ ਅਤੇ ਸਮਾਨ ਦੀ ਚੈਕਿੰਗ ਕੀਤੀ ਗਈ। ਦੋ ਘੰਟੇ ਦੀ ਚੈਕਿੰਗ ਬਾਅਦ ਅਸੀਂ 2 ਵਜੇ ਦੇ ਕਰੀਬ ਲਾਹੌਰ ਦੇ ਰੇਲਵੇ ਸਟੇਸ਼ਨ ਤੇ ਪੁੱਜੇ। ਪਲੇਟਫਾਰਮ ਤੇ ਪ੍ਰੋਫੈਸਰ ਲਾਫੋਂ ਆਪਣੀ ਘਰਵਾਲੀ ਰਿਹਾਨਾ ਦੇ ਨਾਲ ਲੈਣ ਆਇਆ ਹੋਇਆ ਸੀ।

ਪ੍ਰੋਫੈਸਰ ਲਾਫੋਂ ਗੌਰਮੈਂਟ ਕਾਲਜ ਲਾਹੌਰ ਵਿੱਚ ਫਰਾਂਸੀਸੀ ਭਾਸ਼ਾ ਦਾ ਪ੍ਰੋਫੈਸਰ ਸੀ। ਰਿਹਾਨਾ ਲਾਹੌਰ ਦੀ ਇਸਾਈ ਕੁੜੀ ਸੀ, ਜੋ ਕਦੇ ਉਸ ਕੋਲ ਫਰਾਂਸੀਸੀ ਭਾਸ਼ਾ ਪੜਿਆ ਕਰਦੀ ਸੀ। ਸਾਡੀ ਰਿਹਾਇਸ਼ ਦਾ ਪ੍ਰਬੰਧ ਇੱਕ ਹੋਟਲ ਵਿੱਚ ਕੀਤਾ ਗਿਆ ਸੀ। ਪ੍ਰੋਫੈਸਰ ਲਾਫੋਂ ਲਾਹੌਰ ਕੈਂਟ ਵਿੱਚ ਰਹਿੰਦੇ ਸਨ, ਜਿੱਥੇ ਵਿਦੇਸ਼ੀ ਯਾਤਰੀਆਂ ਤੇ ਪਾਬੰਦੀ ਸੀ। ਗਰਮੀ ਦਾ ਮੌਸਮ ਹੋਣ ਕਰਕੇ ਏ.ਸੀ. ਰੂਮ ਮਿਲਿਆ, ਪ੍ਰੰਤੂ ਉਸ ਵਿੱਚੋਂ ਸਿਗਰਟਾਂ ਦੀ ਬਦਬੂ ਆ ਰਹੀ

ਸੀ। ਅਸੀਂ ਏ.ਸੀ. ਚਲਾ ਕੇ ਬਾਰੀਆਂ ਖੋਲੀਆਂ ਪਰ ਫਿਰ ਵੀ ਬਦਬੂ ਨੇ ਖੈਹੜਾ ਨਾ ਛੱਡਿਆ। ਮੇਰੇ ਪੁੱਤਰ ਨੂੰ ਅਗਲੀ ਸਵੇਰ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਅਸੀਂ ਕਿੰਗ ਐਡਵਰਡ ਹਸਪਤਾਲ ਵਿੱਚ ਦਵਾਈ ਲੈਣ ਪਹੁੰਚ ਗਏ।

ਅੰਤਰਰਾਸ਼ਟਰੀ ਕਾਨਫਰੰਸ ਵਿੱਚ ਮੈਂ ਇਕੱਲਾ ਸਿੱਖ ਅਤੇ ਇੱਕੋ ਹੀ ਭਾਰਤੀ ਵਿਗਿਆਨੀ ਪਹੁੰਚਿਆ ਸਾਂ। ਸਾਡੇ ਭੌਤਿਕ ਵਿਗਿਆਨ ਵਿਭਾਗ ਵਿੱਚ ਊਰਜਾ ਵਿਗਿਆਨ ਦੀ ਐਮ.ਐਸ.ਸੀ. ਵੀ ਚੱਲ ਰਹੀ ਸੀ, ਜਿਸ ਕਰਕੇ ਆਪਣੇ ਖੋਜ ਪੱਤਰ ਵਿੱਚ ਇੰਡੀਆ ਦੇ ਊਰਜਾ ਸਰੋਤਾਂ ਬਾਰੇ ਭਵਿੱਖਮਈ ਅੰਕੜੇ ਪੇਸ਼ ਕੀਤੇ। ਮੈਂ ਹੈਰਾਨ ਹੋ ਰਿਹਾ ਸੀ ਕਿ ਕੁਝ ਪਾਕਿਸਤਾਨੀ ਵਿਗਿਆਨੀ ਮੇਰੀਆਂ ਸਲਾਈਡਾਂ ਦੀ ਆਪਣੇ ਕੈਮਰੇ ਨਾਲ ਸਕਰੀਨ ਤੋਂ ਫੋਟੋਆਂ ਖਿੱਚ ਰਹੇ ਸਨ। ਦੁਪਹਿਰ ਦੇ ਭੋਜਨ ਸਮੇਂ ਇੱਕ ਸਮੱਸਿਆ ਹੋਰ ਪੇਸ਼ ਆਈ। ਅਸੀਂ ਸ਼ਾਕਾਹਾਰੀ ਭੋਜਨ ਬਾਰੇ ਲਿਖਿਆ ਸੀ ਪ੍ਰੰਤੂ ਕਿਸੇ ਨੇ ਗੌਰ ਨਾ ਕੀਤਾ। ਬਰਿਆਨੀ ਵਿੱਚ ਵੀ ਮੀਟ ਮਿਲਿਆ ਹੋਇਆ ਸੀ, ਸੋ ਅਸੀਂ ਦਾਲ ਰੋਟੀ ਖਾ ਕੇ ਡੰਗ ਸਾਰਿਆ। ਪ੍ਰਬੰਧਕਾਂ ਨੇ ਯਕੀਨ ਦਿਵਾਇਆ ਕਿ ਅੱਗੇ ਤੋਂ ਸ਼ਾਕਾਹਾਰੀ ਭੋਜਨ ਮਿਲਿਆ ਕਰੇਗਾ।

ਪ੍ਰੋਫੈਸਰ ਲਾਫੋਂ ਨੂੰ ਮੇਰੀ ਸਮੱਸਿਆ ਦਾ ਪਤਾ ਸੀ, ਸੋ ਅਸੀਂ ਰਾਤ ਦਾ ਖਾਣਾ ਉਸ ਦੇ ਘਰ ਖਾਣਾ ਸ਼ੁਰੂ ਕਰ ਦਿੱਤਾ। ਰਿਹਾਨਾ ਅਤੇ ਲਾਫੋਂ ਅੰਮ੍ਰਿਤਸਰ ਸਾਡੇ ਘਰ ਯੂਨੀਵਰਸਿਟੀ ਵਿੱਚ ਰਿਹਾ ਕਰਦੇ ਸਨ, ਜਿਸ ਕਰਕੇ ਰਿਹਾਨਾ ਨੇ ਸਾਡੀ ਸੇਵਾ ਵਿੱਚ ਕੋਈ ਕਸਰ ਨਾ ਛੱਡੀ। ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿੱਚ ਸ਼ੌਪਿੰਗ ਲਈ ਰਿਹਾਨਾ ਨੇ ਸਾਡਾ ਸਾਥ ਦਿੱਤਾ। ਕਾਨਫਰੰਸ ਦੇ ਆਖਰੀ ਦਿਨ ਅਸੀਂ ਲਾਹੌਰ ਦਾ ਸ਼ਾਹੀ ਕਿਲਾ ਵੇਖਿਆ। ਅਗਲੀ ਸਵੇਰ ਅਸੀਂ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੀ ਯਾਤਰਾ ਕੀਤੀ। ਵਾਪਸੀ ਵੇਲੇ ਸ਼ੇਖੂਪੁਰਾ ਜਿਲੇ ਦੇ ਹਿਰਨ ਮੀਨਾਰ ਨੂੰ ਵੇਖਣ ਗਏ। ਦੱਸਿਆ ਜਾਂਦਾ ਹੈ ਕਿ ਜਹਾਂਗੀਰ ਬਾਦਸ਼ਾਹ ਦੀ ਇਹ ਸ਼ਿਕਾਰਗਾਹ ਹੋਇਆ ਕਰਦੀ ਸੀ।

1983 ਤੱਕ ਸਿੱਖ ਜਥਿਆਂ ਲਈ ਸਿਰਫ ਦੋ ਗੁਰਦੁਆਰੇ ਹੀ ਦਰਸ਼ਨਾਂ ਲਈ ਖੁੱਲੇ ਸਨ। ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ। 1981 ਵਿੱਚ ਮੈਂ ਪੰਜਾ ਸਾਹਿਬ ਵੇਖ ਆਇਆ ਸਾਂ। ਅਸੀਂ ਪੰਜਵੇਂ ਦਿਨ ਵਾਹਘਾ ਬਾਰਡਰ ਵੱਲ

ਚਾਲੇ ਪਾ ਦਿੱਤੇ। ਰੇਲ ਗੱਡੀ ਦੀ ਬਜਾਏ ਅਸੀਂ ਸੜਕ ਰਾਹੀਂ ਸਫਰ ਕੀਤਾ ਅਤੇ ਰਸਤੇ ਵਿੱਚ ਈਚੋ ਗਿੱਲ ਨਹਿਰ ਆਈ, ਜੋ ਪਾਕਿਸਤਾਨ ਦੀ ਡਿਫੈਂਸ ਲਾਈਨ ਦਾ ਕੰਮ ਦਿੰਦੀ ਹੈ। ਪ੍ਰੋਫੈਸਰ ਲਾਫੋਂ ਵਾਹਗਾ ਬਾਰਡਰ ਤੇ ਛੱਡ ਕੇ ਲਾਹੌਰ ਪਰਤ ਗਿਆ। ਜਦੋਂ ਅਸੀਂ ਪਾਕਿਸਤਾਨ ਦੇ ਇਮੀਗਰੇਸ਼ਨ ਕਾਊਂਟਰ ਤੇ ਆਪਣੇ ਪਾਸਪੋਰਟ ਦਿਖਾਏ ਤਾਂ ਇੱਕ ਹੋਰ ਰੱਫੜ ਪੈ ਗਿਆ। ਅਸੀਂ ਲਾਹੌਰ ਪੰਜ ਦਿਨ ਰਹਿ ਕੇ ਮੁੜੇ ਸਾਂ। ਪ੍ਰੰਤੂ ਕਿਸੇ ਠਾਣੇ ਵਿੱਚ ਰਿਪੋਰਟ ਨਹੀਂ ਕੀਤੀ ਸੀ। ਪਹਿਲਾਂ ਤਾਂ ਕਾਊਂਟਰ ਤੇ ਬੈਠੇ ਅਧਿਕਾਰੀ ਨੇ ਹੁਕਮ ਕੀਤਾ ਕਿ ਅਸੀਂ ਵਾਪਸ ਲਾਹੌਰ ਮੁੜ ਕੇ ਥਾਣੇ ਵਿੱਚ ਰਿਪੋਰਟ ਕਰੀਏ। ਜਦੋਂ ਅਸੀਂ ਵੱਡੇ ਅਧਿਕਾਰੀ ਨੂੰ ਮਿਲੇ ਤੇ ਮਿਲ ਕੇ ਆਪਣੀ ਗਲਤੀ ਦਾ ਅਹਿਸਾਸ ਪ੍ਰਗਟ ਕੀਤਾ ਤਾਂ ਉਸ ਨੇ ਬਾਰਡਰ ਪਾਰ ਕਰਨ ਦੀ ਇਜਾਜ਼ਤ ਦੇ ਦਿੱਤੀ।

ਸਾਡਾ ਪਾਕਿਸਤਾਨ ਦੀ ਯਾਤਰਾ ਦਾ ਤਜਰਬਾ ਕਾਮਯਾਬ ਰਿਹਾ। ਮੇਰੇ ਪਰਿਵਾਰ ਨੇ 1947 ਦੀ ਵੰਡ ਤੋਂ ਬਾਅਦ ਪਹਿਲੀ ਵਾਰ ਲਾਹੌਰ ਅਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ ਆਪਣੇ ਪੈਰ ਪਾਏ। ਸਾਡੇ ਮੇਜਬਾਨ ਨੇ ਪੂਰੀ ਵਾਹ ਲਾਈ ਕਿ ਅਸੀਂ ਸਿੱਖ ਇਤਿਹਾਸ ਦੀਆਂ ਪੁਰਾਣੀਆਂ ਨਿਸ਼ਾਨੀਆਂ ਵੇਖ ਸਕੀਏ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ ਨੇੜੇ ਨੇੜੇ ਹੀ ਹਨ।

— ¤ —

# ਪਾਕਿਸਤਾਨ ਦੀ ਤੀਜੀ ਯਾਤਰਾ

ਸਤੰਬਰ 1988 ਵਿੱਚ 14ਵੀਂ ਅੰਤਰਰਾਸ਼ਟਰੀ ਸੌਲਿਡ; ਸਟੇਟ ਨਿਊਕਲੀਅਰ ਟਰੈਕ ਡਿਟੈਕਟਰ (SSNTD) ਕਾਨਫਰੰਸ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਹੋ ਰਹੀ ਸੀ। ਜਦੋਂ ਮੈਨੂੰ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਦਾ ਉਚੇਚਾ ਸੱਦਾ ਆਇਆ ਤਾਂ ਸਾਡੇ ਖੋਜ ਗਰੁੱਪ ਨੇ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ। ਅਸੀਂ ਇਸ ਕਾਨਫਰੰਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ 14 ਖੋਜ ਪਰਚੇ ਭੇਜੇ। ਮੇਰੇ ਗਰੁੱਪ ਦੇ ਚਾਰ ਖੋਜਾਰਥੀ, ਇਸ ਵਿੱਚ ਸ਼ਾਮਿਲ ਹੋਏ ਅਤੇ ਬਗੈਰ ਕਿਸੇ ਰੁਕਾਵਟ ਦੇ ਸਭ ਨੂੰ ਪਾਕਿਸਤਾਨ ਦਾ ਵੀਜ਼ਾ ਮਿਲ ਗਿਆ। ਕਾਨਫਰੰਸ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਅਸੀਂ ਵਾਹਗਾ ਬਾਰਡਰ ਪਾਰ ਕਰਕੇ ਲਾਹੌਰ ਪਹੁੰਚ ਗਏ। ਪ੍ਰਬੰਧਕਾਂ ਨੇ ਸਾਡੇ ਲਈ ਟਰਾਂਸਪੋਰਟ ਦਾ ਪ੍ਰਬੰਧ ਕਰ ਰੱਖਿਆ ਸੀ। ਸਾਡੀ ਰਿਹਾਇਸ਼ ਦਾ ਪ੍ਰਬੰਧ ਮਾਲ ਰੋਡ ਤੇ ਸਥਿਤ ਪੰਜ ਤਾਰਾ ਕੰਟੀਨੈਂਟਲ ਹੋਟਲ ਵਿੱਚ ਕੀਤਾ ਗਿਆ।

ਸਤੰਬਰ 1985 ਵਿੱਚ 13ਵੀਂ ਕਾਨਫਰੰਸ ਇਟਲੀ ਦੇ ਰੋਮ ਸ਼ਹਿਰ ਵਿੱਚ ਹੋਈ ਸੀ। ਇਸ ਦੀ ਅੰਤਰਰਾਸ਼ਟਰੀ ਪ੍ਰਬੰਧਕ ਕਮੇਟੀ ਦੀ ਚੋਣ ਰੋਮ ਵਿਖੇ ਹੋਈ। ਮੈਂ ਸਭ ਤੋਂ ਵੱਧ ਵੋਟਾਂ ਨਾਲ ਚੋਣ ਜਿੱਤ ਕੇ ਇਸ ਕਮੇਟੀ ਵਿੱਚ ਭਾਰਤ ਦਾ ਨੁਮਾਇੰਦਾ ਚੁਣਿਆ ਗਿਆ। ਸਈਦ ਦੁਰਾਨੀ ਇਸ ਕਮੇਟੀ ਦੇ ਸਕੱਤਰ ਸਨ, ਉਨਾਂ ਆਪਣੇ ਸ਼ਾਗਿਰਦ ਨੂੰ ਪਾਕਿਸਤਾਨ ਦਾ ਨੁਮਾਇੰਦਾ ਚੁਣ ਲਿਆ ਅਤੇ ਇੱਕ ਬਹਾਨਾ ਘੜਿਆ ਕਿ ਭਾਰਤ ਬਹੁਤ ਵੱਡਾ ਦੇਸ਼ ਹੈ, ਜਿਸ ਕਰਕੇ ਦੋ ਨੁਮਾਇੰਦੇ ਚਾਹੀਦੇ ਹਨ। ਸੋ ਦੂਸਰਾ ਨੁਮਾਇੰਦਾ ਕ੍ਰਿਸ਼ਨ ਕਾਂਤ ਦਿਵੇਦੀ ਨੂੰ ਚੁਣ ਲਿਆ। ਕਮੇਟੀ ਦੀ ਮੀਟਿੰਗ ਵਿੱਚ 14ਵੀਂ ਕਾਨਫਰੰਸ ਦੀ ਚੋਣ ਲਈ ਮੈਂ ਇੰਡੀਆ ਦਾ ਨਾਮ ਪੇਸ਼ ਕੀਤਾ ਅਤੇ ਦੁਰਾਨੀ ਨੇ ਪਾਕਿਸਤਾਨ ਦਾ। ਇਸ ਵਿੱਚ ਦੁਰਾਨੀ ਜਿੱਤ ਗਿਆ ਕਿਉਂਕਿ ਕ੍ਰਿਸ਼ਨ ਕਾਂਤ ਨੇ ਉਸ ਦੇ ਹੱਕ ਵਿੱਚ ਵੋਟ ਪਾਈ ਅਤੇ ਇੰਡੀਆ ਦੇ ਉਲਟ। ਮੈਨੂੰ ਸਾਡੇ ਭਾਰਤੀਆਂ ਦੇ ਇਸ ਕਿਰਦਾਰ

ਬਾਰੇ ਬਹੁਤ ਦੁੱਖ ਮਹਿਸੂਸ ਹੋਇਆ।

ਕਾਨਫਰੰਸ ਵਿੱਚ ਸਾਡੇ ਗਰੁੱਪ ਤੋਂ ਬਗੈਰ ਹੋਰ ਕੋਈ ਇੰਡੀਅਨ ਡੈਲੀਗੇਟ ਨਹੀਂ ਪਹੁੰਚਿਆ ਸੀ। ਇੰਡੀਆ ਤੋਂ ਕੁੱਲ 44 ਖੋਜ ਪਰਚੇ ਭੇਜੇ ਗਏ, ਜਿਸ ਵਿੱਚ 14 ਸਾਡੇ ਗਰੁੱਪ ਦੇ ਹੀ ਸਭ ਤੋਂ ਵੱਧ ਸਨ। ਪਾਕਿਸਤਾਨ ਮੇਜ਼ਬਾਨ ਦੇਸ਼ ਸੀ ਅਤੇ ਸਭ ਤੋਂ ਵੱਧ ਡੈਲੀਗੇਟ ਵੀ ਇਥੋਂ ਹੀ ਸ਼ਾਮਿਲ ਹੋਏ। ਜਰਮਨੀ ਤੋਂ ਇੱਕ ਦਰਜਨ ਦੇ ਕਰੀਬ ਡੈਲੀਗੇਟ ਸ਼ਾਮਿਲ ਹੋਏ ਅਤੇ ਤੀਜੇ ਨੰਬਰ ਤੇ ਚੀਨੀ ਡੈਲੀਗੇਟ ਸਨ। ਅਮਰੀਕਾ ਤੋਂ ਕੇਵਲ ਪ੍ਰੋਫੈਸਰ ਪ੍ਰਾਈਸ ਕੁੰਜੀਵਤ (Keynote) ਭਾਸ਼ਣ ਦੇਣ ਆਇਆ ਸੀ। ਮੇਰੀ ਲਗਭਗ ਸਭ ਡੈਲੀਗੇਟਸ ਨਾਲ ਜਾਣ ਪਹਿਚਾਣ ਸੀ।



ਜਰਮਨ ਡੈਲੀਗੇਟਸ ਨਾਲ ਸਾਡਾ ਖੋਜ ਗਰੁੱਪ

ਪੰਜ ਰੋਜ਼ਾ ਕਾਨਫਰੰਸ ਵਿੱਚ ਢਾਈ ਸੌ ਦੇ ਕਰੀਬ ਡੈਲੀਗੇਟਸ ਸ਼ਾਮਿਲ ਸਨ। ਮੈਨੂੰ ਇਸ ਕਾਨਫਰੰਸ ਵਿੱਚ ਇੱਕ ਸੈਸ਼ਨ ਦੀ ਪ੍ਰਧਾਨਗੀ ਕਰਨ ਦਾ ਮੌਕਾ ਮਿਲਿਆ। ਜਦੋਂ ਮੈਂ ਖੋਜ ਪੱਤਰ ਪੜਿਆ ਤਾਂ ਭਰਵੀਂ ਬਹਿਸ ਹੋਈ। ਆਸਟਰੇਲੀਆ ਦੇ ਪ੍ਰੋਫੈਸਰ ਚੈਡਰਟਨ ਨੇ ਮੇਰੇ ਖੋਜ ਪਰਚੇ ਨੂੰ ਛਾਪਣ ਲਈ ਪੇਸ਼ਕਸ਼ ਕੀਤੀ। ਮੈਨੂੰ ਸਈਦ ਦੁਰਾਨੀ ਨੇ ਦੱਸਿਆ ਕਿ ਪਹਿਲਾਂ ਇਸ ਨੇ ਮੇਰਾ ਖੋਜ ਪਰਚਾ ਪ੍ਰਵਾਨ ਨਹੀਂ ਕੀਤਾ ਸੀ, ਪਰ ਅੱਜ ਤੇਰਾ ਲੈਕਚਰ ਸੁਣ ਕੇ ਉਹ ਬਲਿਹਾਰ ਹੋਇਆ ਹੈ। ਸਾਡੇ ਗਰੁੱਪ ਦੇ ਅੱਧੇ ਪਰਚੇ ਪੋਸਟਰ ਲਗਾ ਕੇ

ਪੜ੍ਹੇ ਗਏ। ਜਦੋਂ ਇਸ ਕਾਨਫਰੰਸ ਦੀ ਕਾਰਵਾਈ ਸਈਦ ਦੁਰਾਨੀ ਨੇ ਛਪਾਈ ਤਾਂ ਸਾਡੇ ਚੌਂਦਾ ਖੋਜ ਪਰਚੇ ਸਭ ਗਰੁੱਪਾਂ ਤੋਂ ਵੱਧ ਛਪੇ ਸਨ।


ਕਾਨਫਰੰਸ ਦੇ ਆਖਰੀ ਦਿਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਿਦਾਇਗੀ ਸਮਾਰੋਹ ਵਿੱਚ ਸ਼ਾਮਿਲ ਹੋਏ। ਉਸ ਸਮੇਂ ਜ਼ੁਲਫਕਾਰ ਅਲੀ ਭੁੱਟੋ ਦੀ ਪਾਰਟੀ ਦਾ ਰਾਜ ਸੀ, ਜਿਸ ਨੂੰ ਪਾਕਿਸਤਾਨ ਪੀਪਲਜ਼ ਪਾਰਟੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪ੍ਰਧਾਨ ਮੰਤਰੀ ਜੀ ਨੇ ਵਿਦੇਸ਼ੀ ਡੈਲੀਗੇਟਸ ਲਈ ਸਵਾਤ ਵੈਲੀ ਦੀ ਯਾਤਰਾ ਲਈ ਸਪੈਸ਼ਲ ਫਲਾਈਟ ਦਾ ਪ੍ਰਬੰਧ ਕੀਤਾ। ਮੈਨੂੰ ਇਸ ਵਿਤਕਰੇ ਦਾ ਬਹੁਤ ਬੁਰਾ ਮਹਿਸੂਸ ਹੋਇਆ ਕਿ ਇੰਡੀਅਨ ਡੈਲੀਗੇਟ ਇਸ ਵਿੱਚ ਸ਼ਾਮਿਲ ਨਹੀਂ ਕੀਤੇ। ਪ੍ਰਬੰਧਕਾਂ ਨੇ ਸਾਡੇ ਗਰੁੱਪ ਲਈ ਨਨਕਾਣਾ ਸਾਹਿਬ ਦੀ ਯਾਤਰਾ ਦਾ ਪ੍ਰਬੰਧ ਕਰ ਰੱਖਿਆ ਸੀ।

ਇਸ ਕਾਨਫਰੰਸ ਦੇ ਦੋ ਹੋਰ ਫਾਇਦੇ ਦੱਸਣੇ ਬਣਦੇ ਹਨ। ਪ੍ਰੋਫੈਸਰ ਕਰਨੈਲ ਸਿੰਘ ਥਿੰਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਸਨ। ਉਹ ਮੇਰੀ ਜਾਣ ਪਹਿਚਾਣ ਕਰਵਾਉਣ ਖਾਤਰ ਆਪਣੇ ਪਾਕਿਸਤਾਨੀ ਦੋਸਤਾਂ ਦੀ ਲਿਸਟ ਦੇ ਰੱਖੀ ਸੀ। ਮੈਂ ਸਿਰਫ ਦੋ ਨੂੰ ਹੀ ਮਿਲ ਸਕਿਆ। ਇਕ ਸੱਜਣ ਇੰਨੇ ਮਿਹਰਬਾਨ ਨਿਕਲੇ ਕਿ ਮੈਨੂੰ ਆਪਣੇ ਪਿੰਡ ਕਾਮੋਕੇ ਲੈ ਤੁਰੇ, ਜਿੱਥੇ ਉਸ ਦੀਆਂ ਕੱਪੜਾ ਮਿੱਲਾਂ ਸਨ। ਮੈਂ ਆਪਣੇ ਜੱਦੀ ਘਰ ਦੀਆਂ ਫੋਟੋਆਂ ਲੈ ਕੇ ਲਾਹੌਰ ਮੁੜ ਆਇਆ।



ਗੁਲਬਰਗਾ, ਲਾਹੌਰ, ਵਿੱਚ ਡਾ. ਅਸਗਰ ਅਲੀ ਨਾਲ ਰਾਤ ਦੇ ਖਾਣੇ ’ਤੇ

ਕੰਟੀਨੈਂਟਲ ਹੋਟਲ ਵਿੱਚ ਇੱਕ ਵਲੀਮਾ ਪਾਰਟੀ ਰੱਖੀ ਹੋ ਰਹੀ ਸੀ, ਜਿਸ ਵਿੱਚ ਪੈਰਿਸ ਦਾ ਮੇਰਾ ਮਿੱਤਰ ਅਸਗਰ ਅਲੀ ਵੀ ਸ਼ਾਮਿਲ ਹੋਇਆ। ਅਸਗਰ ਨੇ ਮੈਨੂੰ ਹੋਟਲ ਦੀ ਲਾਬੀ ਵਿੱਚ ਵੇਖ ਲਿਆ ਅਤੇ ਅਗਲੀ ਸ਼ਾਮ ਡਿਨਰ ਦਾ ਸੱਦਾ ਦੇ ਦਿੱਤਾ। ਉਸ ਨੇ ਬੜੇ ਉਚੇਚ ਨਾਲ ਮੇਰੇ ਖੋਜ ਗਰੁੱਪ ਦੀ ਆਓ ਭਗਤ ਕੀਤੀ। ਪ੍ਰਬੰਧਕਾਂ ਦੀ ਪੇਸ਼ਕਸ਼ ਮਨਜ਼ੂਰ ਕਰਕੇ ਅਸੀਂ ਨਨਕਾਣਾ ਸਾਹਿਬ ਅਤੇ ਸੱਚਾ ਸੌਦਾ ਦੇ ਗੁਰਦੁਆਰਿਆਂ ਦੀ ਯਾਤਰਾ ਕੀਤੀ। ਨਨਕਾਣਾ ਸਾਹਿਬ ਦੇ ਗੁਰਦੁਆਰੇ ਸਿੱਖ ਸੰਗਤਾਂ ਲਈ ਖੁੱਲੇ ਸਨ, ਪ੍ਰੰਤੂ ਸੱਚਾ ਸੌਦਾ ਗੁਰਦੁਆਰੇ ਦੀ ਹੇਠਲੀ ਮੰਜ਼ਿਲ ਵਿੱਚ ਪਸ਼ੂਆਂ ਦੀਆਂ ਖੁਰਲੀਆਂ ਅਤੇ ਤੂੜੀ ਖਿਲਰੀ ਵੇਖ ਕੇ ਦੁੱਖ ਮਹਿਸੂਸ ਹੋਇਆ। ਉਪਰਲੀ ਮੰਜ਼ਿਲ ਤੇ ਬੇਰੀ ਦਾ ਪੁਰਾਣਾ ਰੁੱਖ ਕਾਇਮ ਸੀ। ਅਸੀਂ ਕੁਝ ਫੋਟੋ ਖਿੱਚ ਕੇ ਵਾਹਗਾ ਬਾਰਡਰ ਵੱਲ ਚਾਲੇ ਪਾ ਦਿੱਤੇ। ਸਾਡੀ ਜੀਪ ਵਿੱਚ ਪਾਕਿਸਤਾਨ ਦੀ ਪੁਲਿਸ ਤੋਂ ਇਲਾਵਾ ਇੱਕ ਗੁਪਤਚਰ ਵਿਭਾਗ ਦਾ ਸੂਹੀਆ ਵੀ ਬੈਠਾ ਸੀ, ਜੋ ਸਾਡੀ ਨਿਗਰਾਨੀ ਕਰ ਰਿਹਾ ਸੀ। ਬਾਰਡਰ ਤੇ ਸਾਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਈ ਅਤੇ ਸੁਖੀ ਸਾਂਦੀ ਅਸੀਂ ਅੰਮ੍ਰਿਤਸਰ ਆਪਣੇ ਘਰੋਂ ਘਰੀ ਪਹੁੰਚ ਗਏ।



ਪ੍ਰੋ. ਵਿਰਕ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਪੇਸ਼ ਕਰਦੇ ਹੋਏ

— ¤ —

# ਮੇਰੀ ਪਾਕਿਸਤਾਨ ਦੀ ਚੌਥੀ ਯਾਤਰਾ

ਮੇਰਾ ਵਿਚਾਰ ਸੀ ਕਿ ਨਵੰਬਰ ਦਾ ਗੁਰੂ ਨਾਨਕ ਗੁਰਪੁਰਬ ਨਨਕਾਣੇ ਜਾ ਕੇ ਮਨਾਇਆ ਜਾਵੇ। ਮੈਂ ਤਿੰਨ ਵਾਰ ਪਹਿਲਾਂ ਵੀ ਪਾਕਿਸਤਾਨ ਜਾ ਚੁੱਕਾ ਹਾਂ – 1981, 1983 ਅਤੇ 1988 ਦੌਰਾਨ ਨਨਕਾਣਾ ਸਾਹਿਬ ਵੀ ਵੇਖਿਆ ਹੋਇਆ ਹੈ ਪਰ ਗੁਰਪੁਰਬ ਦੀਆਂ ਰੌਣਕਾਂ ਵੇਖਣ ਦੀ ਤਮੰਨਾ ਬਾਕੀ ਸੀ। ਇੰਡੀਅਨ ਪਾਸਪੋਰਟ ’ਤੇ ਕਈ ਵਾਰ ਯਤਨ ਕੀਤਾ ਪ੍ਰੰਤੂ ਵੀਜ਼ਾ ਨਾ ਮਿਲਿਆ। ਮਈ ਦੇ ਮਹੀਨੇ ਮੈਂ ਪਾਕਿਸਤਾਨ ਦੀ ਕੈਨੇਡੀਅਨ ਐਂਬੈਸੀ ਵਿਚ ਅਰਜ਼ੀ ਦੇਣ ਗਿਆ ਤਾਂ ਕਾਊਂਟਰ ’ਤੇ ਬੈਠੇ ਸੱਜਣ ਨੇ ਦੱਸਿਆ ਕਿ ਸਿੱਖ ਯਾਤਰੀਆਂ ਲਈ 72 ਘੰਟੇ ਵਿਚ ਵੀਜ਼ਾ ਮਿਲਣ ਦੀ ਸਹੂਲਤ ਹੈ, ਬਸ਼ਰਤੇ ਕਿ ਸਿੱਖ ਯਾਤਰੀ ਕੈਨੇਡੀਅਨ ਸ਼ਹਿਰੀ ਜਾਂ ਰੈਜ਼ੀਡੈਂਟ ਹੋਵੇ। ਮੇਰੇ ਕੋਲ ਰੈਜ਼ੀਡੈਂਟ ਕਾਰਡ ਹੋਣ ਕਰ ਕੇ ਮੈਂ ਆਨਲਾਈਨ ਅਰਜ਼ੀ ਇਸਲਾਮਾਬਾਦ ਨੂੰ ਭੇਜ ਦਿਤੀ ਅਤੇ ਬਿਨਾ ਕਿਸੇ ਹੀਲ ਹੁੱਜਤ ਦੇ 72 ਘੰਟੇ ਵਿਚ ਈ-ਵੀਜ਼ਾ ਮਿਲ ਗਿਆ।

ਜਦੋਂ ਪਾਕਿਸਤਾਨ ਜਾਣ ਦੀ ਤਿਆਰੀ ਮੁਕੰਮਲ ਹੋ ਗਈ ਤਾਂ ਮੈਨੂੰ ਡੇਂਗੂ ਬੁਖਾਰ ਨੇ ਆ ਘੇਰਿਆ ਜਿਸ ਕਰ ਕੇ 15 ਨਵੰਬਰ ਤੋਂ ਪਹਿਲਾਂ ਨਨਕਾਣੇ ਪਹੁੰਚਣ ਦਾ ਸੁਪਨਾ ਅਧੂਰਾ ਰਹਿ ਗਿਆ। ਮੇਰਾ ਪ੍ਰਵਾਰ ਅਖੀਰ ਤਕ ਅੜਿਕਾ ਡਾਹੁੰਦਾ ਰਿਹਾ ਪਰ ਮੈਂ ਨਾ ਮੰਨਿਆ । 7 ਦਸੰਬਰ ਨੂੰ ਵਾਘਾ ਦੀ ਸਰਹੱਦ (ਬਾਰਡਰ) ਪਾਰ ਕਰ ਕੇ ਮੈਂ ਪਾਕਿਸਤਾਨ ਵਿਚ ਦਾਖ਼ਲ ਹੋ ਗਿਆ। ਵਾਘਾ ਦੇ ਪਾਰ 1981 ਵਿਚ ਜਦੋਂ ਲੰਘਿਆ ਸੀ ਤਾਂ ਮੈਂ ਬਹੁਤ ਸਹਿਮਿਆ ਹੋਇਆ ਮਹਿਸੂਸ ਕਰਦਾ ਸਾਂ। ਮੇਰਾ ਫ਼ਰਾਂਸੀਸੀ ਦੋਸਤ ਅਪਣੇ ਘਰ ਲੈ ਗਿਆ ਅਤੇ ਮੇਰੀ ਜੁਰਤ ਨਹੀਂ ਪਈ ਕਿ ਮੈਂ ਘਰ ਤੋਂ ਬਾਹਰ ਪੈਰ ਰੱਖਾਂ। ਇਹ ਸਰਕਾਰੀ ਟਰਿੱਪ ਸੀ ਅਤੇ ਇਕ ਮਹੀਨਾ ਨੱਥਿਆਗਲੀ (ਮਰੀ ਸ਼ਹਿਰ ਤੋਂ ਅੱਗੇ) ਰਹਿ ਕੇ ਮੈਂ ਇੰਡੀਆ ਪਰਤ ਆਇਆ। 1983 ਅਤੇ 1988 ਵਿਚ ਵੀ ਪਾਕਿ ਕਾਨਫ਼ਰੰਸਾਂ ਵਿਚ ਸ਼ਾਮਲ ਹੋਇਆ ਪ੍ਰੰਤੂ ਪੰਜਾਬੀ ਲੋਕਾਂ ਨੂੰ ਖੁੱਲ੍ਹ ਕੇ ਮਿਲਣ ਦਾ ਮੌਕਾ ਨਾ ਮਿਲਿਆ।

ਇਸ ਵਾਰ ਤਾਂ ਮੈਂ ਅਪਣੇ ਨਾਨਕੇ ਅਤੇ ਦਾਦਕੇ ਪਿੰਡਾਂ ਵਿਚ ਇਸ ਤਰ੍ਹਾਂ ਨਾਝੱਕ ਘੁੰਮ ਰਿਹਾ ਸਾਂ ਜਿਵੇਂ ਪਾਕਿਸਤਾਨ ਬਣਿਆ ਹੀ ਨਾ ਹੋਵੇ । ਵਾਘਾ ਸਰਹੱਦ ਪਾਰ ਕਰਨ ਸਾਰ ਪਾਕਿਸਤਾਨੀ ਇਮੀਗ੍ਰੇਸ਼ਨ ਅਧਿਕਾਰੀ ਬੜੇ ਖਲੂਸ ਨਾਲ ਪੇਸ਼ ਆਏ। ਹਰ ਕੋਈ ਸਰਦਾਰ ਜੀ ਸਤਿ ਸਿਰੀ ਅਕਾਲ ਕਹਿ ਰਿਹਾ ਸੀ । ਭਾਵੇਂ ਮੈਂ ਉਨ੍ਹਾਂ ਨੂੰ ਸਲਾਮ-ਆਲੇਕਮ ਕਹਿ ਕੇ ਸੰਬੋਧਨ ਕਰ ਰਿਹਾ ਸਾਂ। ਪਾਕਿਸਤਾਨ ਦੀ ਪੱਚੀ ਕਰੋੜ ਆਬਾਦੀ ਵਿਚੋਂ 13 ਕਰੋੜ ਪੰਜਾਬੀ ਬੋਲਦੇ ਹਨ ਜਿਸ ਕਰ ਕੇ ਉਥੋਂ ਦੀ ਜਨਤਾ ਨਾਲ ਰਾਬਤਾ ਕਾਇਮ ਹੋ ਜਾਂਦਾ ਹੈ। 1947 ਦੀ ਵੰਡ ਧਰਮ ਦੇ ਆਧਾਰ ’ਤੇ ਹੋਈ ਸੀ ਜਦਕਿ ਭਾਸ਼ਾ ਅਤੇ ਸਭਿਆਚਾਰ ਸਾਂਝੇ ਸਨ। ਧਾਰਮਕ ਕੱਟੜਤਾ ਪਾਕਿਸਤਾਨ ਵਿਚ ਹੈ ਪ੍ਰੰਤੂ ਜੋ ਕੱਟੜਤਾ ਭਾਰਤ ਵਿਚ ਹਿੰਦੂ ਰਾਸ਼ਟਰ ਨੇ ਫੈਲਾ ਰੱਖੀ ਹੈ, ਉਸ ਦੇ ਮੁਕਾਬਲੇ ਵਿਚ ਪਾਕਿਸਤਾਨ ਦੀ ਹਕੂਮਤ ਦੀ ਕੱਟੜਤਾ ਤੁੱਛ ਜਾਪਦੀ ਹੈ।

ਅੱਠ ਦਸੰਬਰ (2024) ਨੂੰ ਮੈਂ ਟੈਕਸੀ ’ਤੇ ਸਵਾਰ ਹੋ ਕੇ ਅਪਣੇ ਪਿੰਡ ਕਾਮੋਕੇ ਪਹੁੰਚ ਗਿਆ। 1947 ਵਿਚ ਕਾਮੋਕੇ ਇਕ ਛੋਟਾ ਕਸਬਾ ਸੀ ਪ੍ਰੰਤੂ ਹੁਣ ਇਹ ਵੱਡਾ ਸ਼ਹਿਰ ਬਣ ਗਿਆ ਹੈ। ਮੇਰਾ ਘਰ ਛੱਤੀ ਗਲੀ ਵਿਚ ਸੀ, ਪਰ ਹੁਣ ਕਈ ਛੱਤੀਆਂ ਗਲੀਆਂ ਬਣ ਗਈਆਂ ਹਨ। ਜਦੋਂ ਮੈਂ ਪੁੱਛਗਿਛ ਕਰ ਰਿਹਾ ਸੀ ਤਾਂ ਇਕ ਸੱਜਣ, ਸਈਦ ਸਰੋਇਆ, ਆ ਟਪਕਿਆ। ਉਹ ਸਾਡੇ ਜਥੇਦਾਰ ਹਰੀ ਸਿੰਘ ਵਿਰਕ ਦੇ ਘਰ ਰਹਿੰਦਾ ਸੀ। ਉਸ ਨੇ ਮੇਰੀ ਬਾਂਹ ਫੜ ਲਈ ਅਤੇ ਅਪਣੇ ਘਰ ਲੈ ਗਿਆ। ਜੁਮੇਂ ਦੇ ਦਿਨ ਉਸ ਦੇ ਪੁੱਤਰ ਦਾ ਨਿਕਾਹ ਸੀ ਅਤੇ ਮੈਨੂੰ ਵਿਸ਼ੇਸ਼ ਮਹਿਮਾਨ ਸਮਝ ਕੇ ਨਿਉਤਾ ਦਿਤਾ ਪਰ ਮੈਂ ਅਪਣੀ ਯਾਤਰਾ ਦੇ ਅਗਲੇ ਪੜਾਅ ਦੀ ਤਿਆਰੀ ਕਰੀ ਬੈਠਾ ਸਾਂ।

ਸਰੋਇਆ ਹੁਸ਼ਿਆਰਪੁਰ ਜ਼ਿਲ੍ਹੇ ਦਾ ਜੱਟ ਮੁਸਲਮਾਨ ਹੈ। ਉਸ ਨੇ ਮੇਰੇ ਘਰ ਦੇ ਮਾਲਕ ਨੂੰ ਫੋਨ ਕੀਤਾ ਜੋ ਫ਼ਤਹਿਗੜ੍ਹ ਚੂੜੀਆਂ ਤੋਂ ਉਜੜ ਕੇ ਗਏ ਸਨ। ਬੜੀ ਦੇਰ ਬਾਅਦ ਇਜ਼ਾਜਤ ਮਿਲੀ ਅਤੇ ਮੈਂ ਸਰੋਇਆ ਨਾਲ ਅਪਣੇ ਦਾਦਕੇ ਘਰ ਦੀ ਵੀਡੀਓ ਬਣਾਈ। ਮੇਰੇ ਭਰਾਵਾਂ ਦੇ ਬੱਚੇ ਇਸ ਦੀ ਮੰਗ ਕਰ ਰਹੇ ਸਨ। ਮੇਰਾ ਬਾਪ ਪੰਜ ਮੁਰੱਬਿਆਂ ਦਾ ਮਾਲਕ ਸੀ, ਚੌਲਾਂ ਦਾ ਕਾਰਖ਼ਾਨਾ ਅਤੇ ਆਰਾ ਮਿਲ ਵੀ ਲਗਾਈ ਹੋਈ ਸੀ ਜਿਸ ਕਰ ਕੇ ਕਾਮੋਕਿਆਂ ਦੇ ਮੋਹਤਬਰ ਬੰਦੇ ਉਸ ਨੂੰ ਜਾਣਦੇ ਸਨ। ਸਾਡੇ ਸ਼ਰੀਕੇ ਵਿਚੋਂ ਮੇਰਾ ਤਾਇਆ ਤਾਜਦੀਨ ਵਿਰਕ



ਪ੍ਰੋ. ਵਿਰਕ ਦੀ ਸਰੋਇਆ ਦੇ ਗਵਾਂਢੀ ਪ੍ਰੀਵਾਰ ਨਾਲ ਮੁਲਾਕਾਤ



ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ

ਮੁਸਲਮਾਨ ਬਣ ਗਿਆ ਸੀ ਅਤੇ ਵਿਆਹ ਸ਼ਾਦੀਆਂ ਵਿਚ ਮੇਰੀ ਮਾਂ ਉਨ੍ਹਾਂ ਦੇ ਘਰੋਂ ਕੱਚੀ ਰਸਦ ਲੈ ਆਉਂਦੀ ਸੀ। ਸਾਡਾ ਰੋਟੀ ਬੇਟੀ ਦਾ ਰਿਸ਼ਤਾ ਖ਼ਤਮ ਹੋ ਗਿਆ ਸੀ ਪ੍ਰੰਤੂ ਉਸ ਦੇ ਪੁੱਤ ਪੋਤਰੇ ਮੈਨੂੰ ਅਪਣਾ ਵਡੇਰਾ ਸਮਝ ਕੇ ਪੂਰਾ ਮਾਣ ਸਤਿਕਾਰ ਦੇ ਰਹੇ ਸਨ। ਸੰਨ 1981 ਵਿਚ ਸਾਡੀ ਮਿਰਾਸਣ ਅਤੇ ਗਲੀ ਦਾ ਮੌਲਵੀ ਵੀ ਜਿਉਂਦਾ ਸੀ। ਜਦੋਂ ਮਿਰਾਸਣ ਨੇ ਮੇਰਾ ਸਿਰ ਮੂੰਹ ਚੁੰਮਿਆ ਤਾਂ ਮੇਰੀਆਂ ਅੱਖਾਂ ਵਿਚੋਂ ਆਪ ਮੁਹਾਰੇ ਅੱਥਰੂ ਵਹਿ ਤੁਰੇ। ਪਰ ਇਸ ਵਾਰ ਮੈਂ ਅਪਣੇ ਆਪ ਨੂੰ ਭਾਵਾਂ ਦੀ ਦੁਨੀਆਂ ਵਿਚ ਵਹਿਣ ਤੋਂ ਰੋਕ ਰੱਖਿਆ।

ਮੇਰਾ ਦੂਜਾ ਪੜਾਅ ਏਮਨਾਬਾਦ ਦਾ ਸੀ ਜੋ ਕਾਮੋਕਿਆਂ ਤੋਂ ਵੀਹ ਕਿਲੋਮੀਟਰ ਦੂਰ ਗੁਜਰਾਂਵਾਲੇ ਦੀ ਜਰਨੈਲੀ ਸੜਕ ਤੋਂ ਕੁੱਝ ਹਟਵਾਂ ਸੀ। ਭਾਈ ਲਾਲੋ ਦੀ ਖੂਹੀ ਅਤੇ ਗੁਰਦੁਆਰਾ ਰੋੜੀ ਸਾਹਿਬ ਇਥੇ ਮੌਜੂਦ ਹਨ। ਜਦੋਂ ਮੈਂ ਪੰਜ ਸਾਲ ਦਾ ਸੀ ਤਾਂ ਅਪਣੀ ਮਾਂ ਨਾਲ ਰੋੜੀ ਸਾਹਿਬ ਦੇ ਮੇਲੇ ’ਤੇ ਜਾਇਆ ਕਰਦਾ ਸੀ। ਇੱਥੋਂ ਦੀ ਖੀਰ ਮੇਰੇ ਚੇਤੇ ਵਿਚੋਂ ਕਦੇ ਨਹੀਂ ਵਿਸਰੀ। ਇਹ ਗੁਰਦੁਆਰਾ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਉਸਾਰਿਆ ਗਿਆ ਸੀ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜ਼ਿਕਰ ਮਿਲਦਾ ਹੈ: “ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ”। ਪਾਕਿਸਤਾਨ ਸਰਕਾਰ ਨੇ ਇਕ ਮੁਹਿੰਮ ਚਲਾ ਰੱਖੀ ਹੈ ਜਿਸ ਅਧੀਨ ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਔਕਫ਼ ਬੋਰਡ ਦੀ ਨਿਗਰਾਨੀ ਹੇਠ ਸਾਂਭੇ ਜਾ ਰਹੇ ਹਨ। ਹਰ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਅਤੇ ਲੰਗਰ ਦੀ ਪ੍ਰੰਪਰਾ ਕਾਇਮ ਹੈ।

ਜਦੋਂ ਅਸੀਂ ਰੋੜੀ ਸਾਹਿਬ ਤੋਂ ਲਾਹੌਰ ਲਈ ਚਾਲੇ ਪਾਏ ਤਾਂ ਭਾਈ ਲਾਲੋ ਦੀ ਖੂਹੀ ਵੇਖਣ ਦਾ ਮੌਕਾ ਖੁੰਝ ਗਿਆ। ਡਰਾਈਵਰ ਤਾਂ ਵਾਪਸ ਮੁੜਨ ਲਈ ਤਿਆਰ ਸੀ ਪਰ ਮੈਂ ਰਾਤ ਪੈਣ ਤੋਂ ਪਹਿਲਾਂ ਲਾਹੌਰ ਮੁੜਨਾ ਚਾਹੁੰਦਾ ਸਾਂ। ਇਹ ਪਹਿਲੀ ਯਾਤਰਾ ਸੀ ਜਿਸ ਕਰ ਕੇ ਮੈਂ ਕਿਸੇ ਖਤਰੇ ਨੂੰ ਮੁੱਲ ਨਹੀਂ ਸੀ ਲੈਣਾ ਚਾਹੁੰਦਾ। ਪੰਜਾਬ ਯੂਨੀਵਰਸਟੀ ਦੇ ਗੈਸਟ ਹਾਊਸ ਵਿਚ ਮੇਰੀ ਰਿਹਾਇਸ਼ ਦਾ ਪ੍ਰਬੰਧ ਸੀ। ਜਦੋਂ ਟੈਕਸੀ ਡਰਾਈਵਰ ਨੂੰ ਕਿਰਾਇਆ ਦੇਣ ਲੱਗਾ ਤਾਂ ਉਸ ਨੇ ਮਿੱਥੇ ਹੋਏ ਰੇਟ ਤੋਂ ਅੱਧਾ ਵਸੂਲ ਕੀਤਾ। ਮੈਂ ਕਿਹਾ ਇਹ ਕਿਉਂ? ਕਹਿੰਦਾ, “ਤੁਸੀ ਸਾਡੇ ਮਹਿਮਾਨ ਹੋ ਜਿਸ ਕਰ ਕੇ ਤੁਹਾਡੀ ਖ਼ਿਦਮਤ ਕਰਨੀ ਬਣਦੀ ਹੈ।”

— ☐ —

# 2

ਹਰ ਸਿੱਖ ਯਾਤਰੀ ਦੀ ਭਾਵਨਾ ਹੁੰਦੀ ਹੈ ਕਿ ਉਹ ਨਨਕਾਣਾ ਸਾਹਿਬ ਜਾ ਕੇ ਗੁਰਦੁਵਾਰਾ ਜਨਮ ਅਸਥਾਨ ਅਤੇ ਬਾਕੀ ਹੋਰ ਗੁਰਦਵਾਰਿਆਂ ਦੇ ਦਰਸ਼ਨ ਕਰੇ। ਨਵੰਬਰ ਦੇ ਗੁਰਪੁਰਬ ਸਮੇਂ ਨਨਕਾਣਾ ਸਾਹਿਬ ਦੇ ਸਾਰੇ ਹੋਟਲ ਪਹਿਲਾਂ ਹੀ ਬੁੱਕ ਹੋ ਜਾਂਦੇ ਹਨ। ਰਮੇਸ਼ ਸਿੰਘ ਅਰੋੜਾ ਪੰਜਾਬ ਸਰਕਾਰ ਦੇ ਮੰਤਰੀ ਵੀ ਹਨ ਅਤੇ ਪਾਕਿਸਤਾਨ ਸਿੱਖ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਵੀ। ਉਨ੍ਹਾਂ ਦਾ ਛੋਟਾ ਭਰਾ, ਪ੍ਰੋ. ਕਲਿਆਣ ਸਿੰਘ, ਮੇਰਾ ਚੰਗਾ ਜਾਣੂ ਹੈ। ਜਦੋਂ ਨਵੰਬਰ ਵਿਚ ਕਮਰੇ ਬਾਰੇ ਪੁੱਛਿਆ ਤਾਂ ਉਨ੍ਹਾਂ ਸਲਾਹ ਦਿੱਤੀ ਕਿ 15 ਨਵੰਬਰ ਗੁਰਪੁਰਬ ਉਪਰ ਨਾ ਆਵਾਂ ਕਿਉਂਕਿ ਪੱਚੀ ਤੋਂ ਤੀਹ ਹਜ਼ਾਰ ਸਿੱਖ ਅਤੇ ਸਿੰਧੀ ਯਾਤਰੀ ਨਨਕਾਣਾ ਸਾਹਿਬ ਆਉਣਗੇ। ਕੁਦਰਤੀ ਡੇਂਗੂ ਦੀ ਬੀਮਾਰੀ ਕਰ ਕੇ ਮੇਰਾ ਪ੍ਰੋਗਰਾਮ ਦਸੰਬਰ ਦਾ ਬਣ ਗਿਆ ਅਤੇ ਮੈਂ ਗੁਰਪੁਰਬ ਦੀਆਂ ਰੌਣਕਾਂ ਦਾ ਅਨੰਦ ਨਾ ਮਾਣ ਸੱਕਿਆ।

ਜਾਣ ਤੋਂ ਪਹਿਲਾਂ ਬੀਬੀ ਜਗਜੀਤ ਕੌਰ (ਮੈਨੇਜਿੰਗ ਡਾਇਰੈਕਟਰ ਸਪੋਕਸਮੈਨ) ਨਾਲ ਗੱਲ ਹੋਈ ਤਾਂ ਉਹ ਕਹਿਣ ਲੱਗੇ, “ਮੇਰਾ ਜਨਮ ਨਨਕਾਣਾ ਸਾਹਿਬ ਦਾ ਹੈ।” ਮੈਂ ਕਿਹਾ ਤੁਸੀ ਕਿੰਨੇ ਭਾਗਾਂਵਾਲੇ ਹੋ ਜੋ ਬਾਬਾ ਨਾਨਕ ਦੇ ਪਿੰਡ ਜਨਮੇ ਹੋ। ਦਸ ਦਸੰਬਰ ਮੈਂ ਅਪਣੇ ਦੋ ਹੋਰ ਸਾਥੀਆਂ ਨਾਲ ਲਾਹੌਰ ਤੋਂ ਮੋਟਰਵੇ ਰਾਹੀਂ ਨਨਕਾਣਾ ਸਾਹਿਬ ਪਹੁੰਚ ਗਿਆ। ਇੰਡੀਅਨ ਮੀਡੀਆ ਪਾਕਿਸਤਾਨ ਦੀ ਬਦਨਾਮੀ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਮੇਰਾ ਤਜ਼ਰਬਾ ਇਸ ਤੋਂ ਉਲਟ ਨਿਕਲਿਆ। ਪਾਕਿਸਤਾਨ ਦੇ ਮੋਟਰਵੇ ਯੂਰਪ ਅਤੇ ਅਮਰੀਕਾ ਦਾ ਮੁਕਾਬਲਾ ਕਰਦੇ ਹਨ । 120 ਕਿਲੋਮੀਟਰ ਦੀ ਸਪੀਡ ਲਿਮਿਟ ਹੈ ਅਤੇ ਕਿਤੇ ਵੀ ਰੈੱਡ ਲਾਈਟ ਨਹੀਂ ਆਉਂਦੀ। ਇੰਡੀਆ ਦੇ ਹਾਈਵੇ ਉਥੋਂ ਦੇ ਮੋਟਰਵੇ ਦਾ ਮੁਕਾਬਲਾ ਨਹੀਂ ਕਰ ਸਕਦੇ। ਅਸੀਂ 80 ਕਿਲੋਮੀਟਰ ਦਾ ਸਫ਼ਰ 45 ਮਿੰਟ ਵਿਚ ਪੂਰਾ ਕਰ ਕੇ ਨਨਕਾਣਾ ਸਾਹਿਬ ਪਹੁੰਚ ਗਏ।

1981 ਵਿਚ ਗੁਰਦਵਾਰਾ ਜਨਮ ਅਸਥਾਨ ਅਪਣੇ ਮੁਢਲੇ ਸਰੂਪ ਵਿਚ ਵੇਖਿਆ ਸੀ। ਹੁਣ ਇਸ ਵਿਚ ਕਾਰ ਸੇਵਾ ਵਾਲੇ ਬਾਬਿਆਂ ਨੇ ਤਬਦੀਲੀਆਂ ਕਰ ਦਿੱਤੀਆਂ ਹਨ। ਸੰਗਤਾਂ ਦੀ ਭਰਮਾਰ ਹੋਣ ਕਰ ਕੇ ਸਰਾਵਾਂ ਅਤੇ ਹੋਰ ਸਹੂਲਤਾਂ ਕਾਇਮ ਕੀਤੀਆਂ ਗਈਆਂ ਹਨ।ਗੁਰਦਵਾਰੇ ਦੇ ਵਿਹੜੇ ਵਿਚ ਪਾਰਕ ਅਤੇ ਸਰੋਵਰ ਬਣਾ ਦਿਤਾ ਹੈ ਜਿਸ ਕਰ ਕੇ ਮੁਢਲਾ ਢਾਂਚਾ ਤਬਦੀਲ ਹੋ ਗਿਆ ਹੈ। ਮੇਨ ਗੇਟ ਉਪਰ ਸੀਕਿਊਰਿਟੀ ਦੀ ਚੈੱਕ-ਪੋਸਟ ਬਣ ਗਈ ਹੈ ਜਿਸ ਵਿਚ ਐਂਟਰੀ ਕਰ ਕੇ ਲੰਘਣਾ ਪੈਂਦਾ ਹੈ। ਮੱਥਾ ਟੇਕਣ ਉਪਰੰਤ ਅਸੀਂ ਸੱਚਾ ਸੌਦਾ ਗੁਰਦਵਾਰੇ ਜਾਣਾ ਸੀ ਜੋ ਨਨਕਾਣੇ ਤੋਂ 40 ਕਿਲੋਮੀਟਰ ਦੂਰ ਹੈ। ਸੀਕਿਊਰਿਟੀ ਵਾਲਿਆਂ ਇਕ ਘੰਟਾ ਬਿਠਾਈ ਰੱਖਿਆ ਕਿਉਂਕਿ ਐਸਕੋਰਟ ਜੀਪ ਕਿਸੇ ਹੋਰ ਸਿੱਖ ਪ੍ਰਵਾਰ ਨੂੰ ਲੈ ਕੇ ਚਲੀ ਗਈ ਸੀ। ਸਾਨੂੰ ਇਕੱਲੇ ਜਾਣ ਵਿਚ ਕੋਈ ਖ਼ਤਰਾ ਨਹੀਂ ਸੀ ਪਰ ਪਰੋਟੋਕਾਲ ਦੀਆਂ ਸ਼ਰਤਾਂ ਅਨੁਸਾਰ ਹਰ ਵਿਦੇਸ਼ੀ ਸਿੱਖ ਨੂੰ ਸੁਰੱਖਿਆ ਦੇਣੀ ਲਾਜ਼ਮੀ ਹੈ।



ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ), ਫੈਸਲਾਬਾਦ ਸਰਕਾਰੀ ਕਾਲਜ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ

ਗੁਰਦਵਾਰੇ ਵਿਚ ਮੈਨੂੰ ਸਿੱਖ ਯਾਤਰੀ ਤਾਂ ਕੋਈ ਨਹੀਂ ਮਿਲਿਆ ਪਰ ਫ਼ੈਸਲਾਬਾਦ ਦੀ ਸਰਕਾਰੀ ਕਾਲਜ ਯੂਨੀਵਰਸਟੀ ਦੇ ਅਧਿਆਪਕ ਅਤੇ ਵਿਦਿਆਰਥੀ ਟੱਕਰ ਪਏ। ਉਨ੍ਹਾਂ ਵਿਚ ਇਕ ਵਿਰਕ ਬਰਾਦਰੀ ਦਾ ਵਿਦਿਆਰਥੀ ਬੜੇ ਪਿਆਰ ਨਾਲ ਮਿਲਿਆ ਅਤੇ ਅਪਣੇ ਘਰ ਹਾਫ਼ਿਜ਼ਾਬਾਦ ਆਉਣ ਦਾ ਸੱਦਾ ਦੇ ਗਿਆ। ਇਹ ਗਰੁੱਪ ਸਮਾਜ ਵਿਗਿਆਨ ਦੇ ਵਿਦਿਆਰਥੀਆਂ ਦਾ

ਸੀ ਅਤੇ ਉਹ ਸਿੱਖ ਧਰਮ ਦਾ ਅਧਿਐਨ ਕਰ ਰਹੇ ਸਨ। ਇਕ ਹੋਰ ਪ੍ਰਵਾਰ ਸਿੰਧੀ ਸਿੱਖਾਂ ਦਾ ਮਿਲਿਆ ਜੋ ਪੂਰੀ ਸ਼ਰਧਾ ਨਾਲ ਸੇਵਾ ਕਰ ਰਹੇ ਸਨ। ਗੁਰੂ ਨਾਨਕ ਗੁਰਪੁਰਬ ਉਪਰ ਅੱਧੀ ਸੰਗਤ ਨਾਨਕਪੰਥੀ ਸਿੰਧੀ ਸਿੱਖਾਂ ਦੀ ਹੁੰਦੀ ਹੈ। ਗੁਰਦਵਾਰਿਆਂ ਵਿਚ ਗ੍ਰੰਥੀ ਅਤੇ ਰਾਗੀ ਪੇਸ਼ਾਵਰ ਤੋਂ ਆਏ ਸਿੱਖ ਪ੍ਰਵਾਰਾਂ ਵਿਚੋਂ ਹਨ। ਸਿੱਖਾਂ ਦੀ ਆਬਾਦੀ ਨਨਕਾਣੇ ਤੋਂ ਇਲਾਵਾ, ਪੇਸ਼ਾਵਰ, ਲਾਹੌਰ ਅਤੇ ਸਵਾਤ ਵੈਲੀ ਵਿਚ ਵੀ ਮਿਲ ਜਾਂਦੀ ਹੈ। ਪਰੰਤੂ ਵਿਦਿਆ ਦੇ ਖੇਤਰ ਵਿਚ ਸਿੱਖ ਪਛੜੇ ਹੋਏ ਹਨ।



ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ (ਫਰੁੱਕਾਬਾਦ)

ਚੂਹੜਕਾਣੇ ਦਾ ਨਾਮ ਫਾਰੂਕਾਬਾਦ ਰੱਖ ਦਿਤਾ ਹੈ ਜਿਥੇ ਗੁਰੂ ਨਾਨਕ ਵੀਹ ਰੁਪਏ ਲੈ ਕੇ ਸੱਚਾ ਸੌਦਾ ਕਰਨ ਗਏ ਸਨ। 1988 ਵਿਚ ਇਹ ਗੁਰਦਵਾਰਾ ਖਸਤਾ ਹਾਲਤ ਵਿਚ ਸੀ। ਪਿੰਡ ਦੇ ਜ਼ਿੰਮੀਦਾਰ ਇੱਥੇ ਡੰਗਰ ਬੰਨ੍ਹਦੇ ਸਨ ਅਤੇ ਹੇਠਲੀ ਮੰਜ਼ਿਲ ਵਿਚ ਤੂੜੀ ਭਰੀ ਹੋਈ ਸੀ। ਹੁਣ ਇਹ ਗੁਰਦਵਾਰਾ ਪੂਰੀ ਸ਼ਾਨੋ ਸ਼ੌਕਤ ਨਾਲ ਮੁੜ ਬਹਾਲ ਹੋ ਗਿਆ ਹੈ। ਅਸੀਂ ਇਥੇ ਲੰਗਰ ਛਕਿਆ ਅਤੇ ਫੋਟੋ ਵੀ ਖਿੱਚੇ। ਇਕ ਆਸਟ੍ਰੇਲੀਆ ਦਾ ਸਿੱਖ ਪ੍ਰਵਾਰ 'ਸੱਚਾ ਸੌਦਾ' ਦੀ ਯਾਤਰਾ 'ਤੇ ਆਇਆ ਮਿਲ ਗਿਆ। ਉਨ੍ਹਾਂ ਨੇ ਦੱਸਿਆ ਕਿ ਪਾਕਿਸਤਾਨ ਸੀਕਿਊਰਿਟੀ ਦੇ ਬੰਦੇ ਡਾਲਰ ਮੰਗਦੇ ਹਨ। ਇਹ ਮੇਰੇ ਤਜ਼ਰਬੇ ਵਿਚ ਰੋੜੀ ਸਾਹਿਬ ਦੀ ਯਾਤਰਾ ਸਮੇਂ ਆਇਆ ਜਦੋਂ ਡਿਊਟੀ 'ਤੇ ਖਲੋਤੇ ਸਿਪਾਹੀ ਨੇ ਕਿਹਾ, "ਸਰਦਾਰ ਜੀ ਕੋਈ ਸੇਵਾ ਕਰ ਜਾਵੋ।"




ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਵੀ.ਸੀ. ਅਤੇ ਫੈਕਲਟੀ ਨਾਲ

ਦੁਪਹਿਰ ਤੋਂ ਬਾਅਦ ਮੇਰਾ ਨਨਕਾਣਾ ਸਾਹਿਬ ਵਿਚ ਬਣੀ ਨਵੀਂ ਯੂਨੀਵਰਸਟੀ ਵਿਚ 'ਪੰਜਾਬ ਦੇ ਪਾਣੀਆਂ ਵਿਚ ਪ੍ਰਦੂਸ਼ਣ ਦੀ ਸਮੱਸਿਆ' ਬਾਰੇ ਲੈਕਚਰ ਸੀ। ਦਰਅਸਲ, 1922 ਵਿਚ ਨਨਕਾਣਾ ਸਾਹਿਬ ਦੇ ਸਿੱਖਾਂ ਨੇ 'ਬਾਬਾ

ਗੁਰੂ ਨਾਨਕ ਹਾਈ ਸਕੂਲ' ਸਥਾਪਤ ਕੀਤਾ ਸੀ ਅਤੇ ਪੂਰੇ ਸੌ ਸਾਲ ਬਾਅਦ ਪਾਕਿਸਤਾਨ ਦੀ ਸਰਕਾਰ ਨੇ ਇਸ ਸਕੂਲ ਨੂੰ 'ਬਾਬਾ ਗੁਰੂ ਨਾਨਕ ਯੂਨੀਵਰਸਟੀ' ਬਣਾ ਦਿਤਾ ਹੈ। ਮੁਹੰਮਦ ਅਫ਼ਜ਼ਲ ਇਸ ਦੇ ਉਪ-ਕੁਲਪਤੀ (ਵੀ.ਸੀ.) ਥਾਪੇ ਗਏ ਹਨ।

ਕਮਾਲ ਦੀ ਗੱਲ ਹੈ ਕਿ ਉਹ ਇਸ ਸਕੂਲ ਦੇ ਤਾਲਬ-ਏ-ਇਲਮਾ (ਵਿਦਿਆਰਥੀ) ਰਹਿ ਚੁੱਕੇ ਹਨ ਅਤੇ ਹਾਈ ਸਕੂਲ ਦੇ ਟਾਪਰ ਵੀ ਹਨ। ਵੀ.ਸੀ. ਸਾਹਿਬ ਨੇ ਦੱਸਿਆ ਕਿ ਉਹ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਅਤੇ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਵਚਨਬੱਧ ਹਨ। ਸ਼ਾਮ ਨੂੰ ਅਸੀਂ 'ਬਾਬਾ ਗੁਰੂ ਨਾਨਕ ਯੂਨੀਵਰਸਟੀ' ਦਾ ਨਵਾਂ ਕੈਂਪਸ ਵੀ ਵੇਖਣ ਗਏ। ਇਸ ਦੀ ਮੇਨ ਬਿਲਡਿੰਗ ਦਾ ਆਰਕੀਟੈਕਚਰ ਗੁਰਦਵਾਰੇ ਦੇ ਗੁਬੰਦ ਨਾਲ ਮੇਲ ਖਾਂਦਾ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੀ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਆਰਕੀਟੈਕਚਰ ਵਿਚ ਗੁਰੂ ਨਾਨਕ ਦੇ ਫ਼ਲਸਫ਼ੇ ਦੀ ਪੂਰੀ ਅਣਹੋਂਦ ਹੈ।

ਨਨਕਾਣਾ ਸਾਹਿਬ ਤੋਂ ਪਰਤਣ ਸਮੇਂ ਹਨੇਰਾ ਹੋ ਗਿਆ ਸੀ ਜਿਸ ਕਰ ਕੇ ਬਾਕੀ ਦੇ ਸੱਤ ਗੁਰਦਵਾਰੇ ਵੇਖਣ ਦਾ ਸੁਪਨਾ ਅਧੂਰਾ ਰਹਿ ਗਿਆ। 1946 ਵਿਚ ਮੇਰੀ ਮਾਂ ਨੇ ਅਪਣੀ ਉਂਗਲੀ ਫੜਾ ਕੇ ਨਨਕਾਣਾ ਸਾਹਿਬ ਦੀ ਯਾਤਰਾ ਕਰਾਈ ਸੀ।

— ¤ —

# 3

ਮੇਰਾ ਜਨਮ 1941 ਵਿਚ ਅਪਣੇ ਨਾਨਕੇ ਪਿੰਡ ਮਾਝੀਵਾਲਾ ਭੁਲੇਰ, ਚੱਕ ਨੰਬਰ 270 ਰੱਖ ਬਰਾਂਚ, ਜ਼ਿਲ੍ਹਾ ਲਾਇਲਪੁਰ ਵਿਚ ਹੋਇਆ ਸੀ। ਜਨਮ ਮਿਤੀ ਦਾ ਕੋਈ ਰੀਕਾਰਡ ਨਹੀਂ ਮਿਲਦਾ ਪਰ ਮਾਤਾ ਜੀ ਨੇ ਦਸਿਆ ਸੀ ਕਿ ਉਸ ਦਿਨ ਰੱਖੜੀ ਅਤੇ ਪੂਰਨਮਾਸ਼ੀ ਸੀ। ਮੇਰੀ ਤਮੰਨਾ ਸੀ ਕਿ ਅਪਣੀ ਜਨਮਭੂਮੀ ਦੇ ਦਰਸ਼ਨ ਕਰਾਂ। ਦਾਦਕਾ ਪਿੰਡ 1981 ਅਤੇ 1988 ਵਿਚ ਵੇਖ ਆਇਆ ਸਾਂ ਪਰ ਨਾਨਕੇ ਪਿੰਡ ਦਾ ਗੇੜਾ ਨਾ ਲੱਗ ਸਕਿਆ। ਮੇਰਾ ਵੀਜ਼ਾ ਸਿੱਖ ਪਿਲਗਰਿਮ ਕੈਟੇਗਰੀ ਦਾ ਸੀ ਜਿਸ ਅਨੁਸਾਰ ਮੈਂ ਸਿਰਫ਼ ਗੁਰਦੁਆਰਿਆਂ ਦੀ ਯਾਤਰਾ ਹੀ ਕਰ ਸਕਦਾ ਸਾਂ। ਮੈਨੂੰ ਇਜਾਜ਼ਤ ਨਹੀਂ ਸੀ ਕਿ ਹੋਰ ਕਿਸੇ ਸ਼ਹਿਰ, ਪਿੰਡ ਜਾਂ ਪਾਕਿਸਤਾਨੀ ਦੋਸਤ ਦੇ ਘਰ ਜਾ ਸਕਾਂ। ਇਸ ਰੋਕ ਦੇ ਬਾਵਜੂਦ ਮੈਂ ਅਪਣੇ ਪਿੰਡ, ਸ਼ਹੀਦ ਭਗਤ ਸਿੰਘ ਦੇ ਪਿੰਡ ਅਤੇ ਕਈ ਦੋਸਤ ਮਿੱਤਰਾਂ ਦੇ ਘਰ ਜਾਣ ਦੀ ਖੁਲ੍ਹ ਲੈ ਲਈ।

ਮੇਰੇ ਪਿੰਡ ਦਾ ਬਾਲ ਸਿੰਘ ਬਾਜਵਾ (ਮੇਰੇ ਨਾਨੇ ਦਾ ਕਜ਼ਨ) 1921 ਵਿਚ ਜਲੰਧਰ (ਪਾਕਿਸਤਾਨ) ਦੇ ਹਾਈ ਸਕੂਲ ’ਚੋਂ ਮੈਟ੍ਰਿਕ ਦਾ ਟਾਪਰ ਸੀ, 1924 ਵਿਚ ਲਾਇਲਪੁਰ ਦੇ ਐਗਰੀਕਲਚਰ ਕਾਲਜ ਦਾ ਟਾਪਰ ਅਤੇ 1929 ਵਿਚ ਅਮਰੀਕਾ ਦੀ ਬਰਕਲੇ ਯੂਨੀਵਰਸਟੀ ਤੋਂ ਐਮ.ਐਸ.ਸੀ. ਹਾਰਟੀਕਲਚਰ ਦਾ ਟਾਪਰ ਰਿਹਾ ਸੀ। ਉਸ ਦੇ ਪੰਜ ਭਰਾ ਸਨ ਜਿਨ੍ਹਾਂ ਵਿਚੋਂ ਦੋ ਖੇਤੀ ਕਰਦੇ ਸਨ ਅਤੇ ਬਾਕੀ ਤਿੰਨ ਚੰਗੇ ਪੜ੍ਹੇ ਲਿਖੇ ਸਨ। ਮੇਰਾ ਖ਼ਿਆਲ ਸੀ ਕਿ ਇਸ ਬਾਜਵਾ ਪ੍ਰੀਵਾਰ ਦਾ ਰੀਕਾਰਡ ਕੋਈ ਤੋੜ ਨਹੀਂ ਸਕੇਗਾ। ਜਾਣ ਤੋਂ ਤਿੰਨ ਮਹੀਨੇ ਪਹਿਲਾਂ ਰਾਏ ਦਿਲਸ਼ਾਦ ਨੇ ਦੱਸਿਆ ਕਿ ਮਾਝੀਵਾਲੇ ਦਾ ਤਾਰਿਕ ਮੁਹੰਮਦ ਗਿੱਲ ਐਗਰੀਕਲਚਰ ਯੂਨੀਵਰਸਟੀ ਦਾ ਰਜਿਸਟਰਾਰ ਹੈ। ਮੈਂ ਉਸ ਨਾਲ ਰਾਬਤਾ ਕਾਇਮ ਕੀਤਾ ਅਤੇ ਪਤਾ ਲੱਗਾ ਕਿ ਉਸ ਦੇ ਬਾਕੀ ਦੇ ਛੇ ਭਰਾ ਅਤੇ ਪੰਜ ਭੈਣਾਂ ਵੀ ਉੱਚ ਸਿਖਿਆ ਗ੍ਰਹਿਣ ਕਰ ਕੇ ਪਾਕਿਸਤਾਨ ਵਿਚ ਚੰਗੇ ਅਹੁਦਿਆਂ ’ਤੇ ਕੰਮ

ਕਰ ਰਹੇ ਹਨ। ਸੱਭ ਤੋਂ ਵੱਡਾ ਭਰਾ ਮੁਸ਼ਤਾਕ ਅਹਿਮਦ ਗਿੱਲ ਤਾਂ ਅਮਰੀਕਾ ਤੋਂ ਇਜੀਨੀਰਿੰਗ ਦੀ ਡਿਗਰੀ ਪ੍ਰਾਪਤ ਕਰ ਕੇ ਪਾਕਿਸਤਾਨ ਦੇ ਵਾਟਰ ਮੈਨੇਜਮੈਂਟ ਵਿਭਾਗ ਦਾ ਡਾਇਰੈਕਟਰ ਜਨਰਲ ਰਿਹਾ ਹੈ। ਮੇਰੀ ਖ਼ੁਸ਼ਕਿਸਮਤੀ ਸੀ ਕਿ ਮੁਸ਼ਤਾਕ ਗਿੱਲ ਮੇਰਾ ਮੇਜ਼ਬਾਨ ਬਣ ਗਿਆ ਅਤੇ ਮੇਰੀ ਹਰ ਸਮੱਸਿਆ ਦਾ ਹੱਲ ਉਸ ਦੇ ਪਾਸ ਸੀ।




ਲਾਹੌਰ ਵਿੱਚ ਮਾਝੀਵਾਲਾ ਦੇ ਇੰਜੀਨੀਅਰ ਮੁਸ਼ਤਾਕ ਗਿੱਲ ਦੇ ਨਾਲ

ਲਾਹੌਰ ਪਹੁੰਚ ਕੇ ਮੈਂ ਮੁਸ਼ਤਾਕ ਗਿੱਲ ਨੂੰ ਅਪਣੀ ਯਾਤਰਾ ਦਾ ਪ੍ਰੋਗਰਾਮ ਦੱਸਿਆ। ਉਸ ਨੇ ਮੇਰੇ ਲਈ ਟੈਕਸੀ ਮੁਹੱਈਆ ਕਰਵਾ ਦਿਤੀ। ਸ਼ਾਕਾਹਾਰੀ ਹੋਣ ਕਰ ਕੇ ਮੇਰੇ ਭੋਜਨ ਦਾ ਪ੍ਰਬੰਧ ਵੀ ਕਰ ਦਿਤਾ। ਉਸ ਦੇ ਭਰਾ ਲਾਹੌਰ ਅਤੇ ਫ਼ੈਸਲਾਬਾਦ ਰਹਿੰਦੇ ਹਨ, ਜੋ ਮੈਨੂੰ ਮਿਲਣ ਲਈ ਗਿਆਰਾਂ ਦਸੰਬਰ ਮਾਝੀਵਾਲਾ ਪਹੁੰਚ ਗਏ। ਮੁਸ਼ਤਾਕ ਗਿੱਲ ਦੀ 90 ਸਾਲਾ ਮਾਂ ਮਾਝੀਵਾਲ ਦੇ ਘਰ ਵਿਚ ਹੀ ਰਹਿੰਦੀ ਹੈ। ਮੇਰੀ ਆਉ-ਭਗਤ ਲਈ ਸਾਰੇ ਪ੍ਰਬੰਧ ਉਸ ਦੇ ਘਰ ਵਿਚ ਕਰ ਰੱਖੇ ਸਨ। ਪਿੰਡ ਦੇ ਮੋਹਤਬਰ ਲੋਕ ਮਿਲਣ ਆਏ। ਮੁਸ਼ਤਾਕ ਨੂੰ ਅਪਣੇ 1947 ਵਾਲੇ ਘਰ ਦੀ ਲੋਕੇਸ਼ਨ ਦੱਸ ਰੱਖੀ ਸੀ। ਉਸ ਨੇ 90 ਸਾਲਾ ਦੋ ਬਜ਼ੁਰਗਾਂ ਨਾਲ ਰਾਬਤਾ ਕਾਇਮ ਕੀਤਾ ਹੋਇਆ ਸੀ। ਮੇਰੀ ਮੁਲਾਕਾਤ ਕਰਾਈ ਗਈ ਤਾਂ ਬਾਜਵਾ ਪ੍ਰਵਾਰਾਂ ਬਾਰੇ ਕੁੱਝ ਜਾਣਕਾਰੀ ਮਿਲ ਗਈ। ਮੈਂ ਪੰਜ ਸਾਲ ਦੀ ਉਮਰ ਵਿਚ ਮਾਝੀਵਾਲਾ ਛੱਡ ਕੇ ਦਾਦਕੇ ਪਿੰਡ ਕਾਮੋਕੇ ਚਲਾ ਗਿਆ ਸੀ। ਘੋੜੀਆਂ ਵਾਲੇ

ਮੁਰੱਬੇ ਅਤੇ ਪਿੰਡ ਦੀ ਕੱਸੀ ਬਾਰੇ ਪਤਾ ਸੀ। ਮਾਝੀਵਾਲਾ 1947 ਤੋਂ ਪਹਿਲਾਂ ਕੱਚੇ ਘਰਾਂ ਦਾ ਪਿੰਡ ਸੀ ਪਰ ਹੁਣ ਸਾਰੇ ਘਰ ਪੱਕੇ ਬਣ ਚੁੱਕੇ ਸਨ। ਇਕ ਬਜ਼ੁਰਗ ਔਰਤ ਨੇ ਮੈਨੂੰ ਅਪਣੇ ਘਰ ਦਾ ਦਰਵਾਜ਼ਾ ਵਿਖਾਇਆ ਜੋ 1947 ਤੋਂ ਪਹਿਲਾਂ ਦਾ ਸੀ।



ਮਾਝੀਵਾਲਾ ਦੇ ਸਰਕਾਰੀ ਮਿਡਲ ਸਕੂਲ ਦੇ ਵਿਦਿਆਰਥੀਆਂ ਨਾਲ

ਪਿੰਡ ਦਾ ਗੁਰਦੁਆਰਾ ਇਕ ਲੈਂਡਮਾਰਕ ਸੀ ਜਿਥੇ ਹੁਣ ਕੁੜੀਆਂ ਦਾ ਮਿਡਲ ਸਕੂਲ ਚੱਲ ਰਿਹਾ ਹੈ। ਮੇਰੇ ਸਵਾਗਤ ਲਈ ਪਿੰਡ ਦਾ ਇਕੱਠ ਸਕੂਲ ਵਿਚ ਬੁਲਾਇਆ ਗਿਆ। ਸਕੂਲ ਦੀਆਂ ਬੱਚੀਆਂ ਨੇ ‘ਜੀ ਆਇਆਂ ਨੂੰ’ ਕਹਿੰਦਿਆਂ ਗੁਲਾਬ ਦੇ ਫੁੱਲਾਂ ਦੀ ਵਰਖਾ ਕੀਤੀ। ਮੇਰੇ ਲਈ ਇਸ ਕਿਸਮ ਦਾ ਪਹਿਲਾ ਸਵਾਗਤ ਸੀ। ਮੈਂ ਅਪਣੇ ਸੰਖੇਪ ਭਾਸ਼ਣ ਵਿਚ ਬਾਲ ਸਿੰਘ ਬਾਜਵੇ ਦਾ ਜ਼ਿਕਰ ਕੀਤਾ । ਮੇਰੀ ਮਾਤਾ ਨੇ ਇਸ ਗੁਰਦੁਆਰੇ ਵਿਚੋਂ ਪੰਜਾਬੀ ਪੜ੍ਹੀ ਅਤੇ ਪੰਜ ਗ੍ਰੰਥੀ ਦੀਆਂ ਬਾਣੀਆਂ ਕੰਠ ਕੀਤੀਆਂ। ਜਪੁਜੀ ਸਾਹਿਬ ਅਤੇ ਪੰਜਾਬੀ ਦੇ ਪਹਿਲੇ ਸਬਕ ਅਪਣੀ ਮਾਂ ਤੋਂ ਹੀ ਸਿੱਖੇ। ਸਕੂਲ ਵਿਚ ਇਕ ਪੌਦਾ ਲਗਵਾਇਆ ਗਿਆ ਜਿਸ ਵਿਚ ਮੇਰਾ ਅਤੇ ਮੇਰੀ ਮਾਂ ਦਾ ਨਾਮ ਪੱਟੀ ਉਪਰ ਲਿਖਿਆ ਗਿਆ। ਗੁਰਦੁਆਰੇ ਦੇ ਅਹਾਤੇ ਵਿਚ ਪਿੱਪਲ ਦਾ ਦਰੱਖ਼ਤ ਹੋਇਆ ਕਰਦਾ ਸੀ ਜੋ ਅਜੇ ਵੀ ਕਾਇਮ ਹੈ। ਮੁਸ਼ਤਾਕ ਗਿੱਲ ਨੇ ਇਸ ਪਿੱਪਲ ਹੇਠ ਬੈਠ ਕੇ ਹੀ ਪ੍ਰਾਇਮਰੀ ਸਕੂਲ ਦੀ ਸਿਖਿਆ ਪ੍ਰਾਪਤ ਕੀਤੀ ਸੀ।

ਮਾਝੀਵਾਲੇ ਵਿਚ ਹੁਣ ਨਾਗ ਕਲਾਂ, ਅੰਮ੍ਰਿਤਸਰ ਜ਼ਿਲ੍ਹੇ ਦੇ ਮੁਸਲਮਾਨ ਆਬਾਦ

ਹਨ ਜਿਨ੍ਹਾਂ ਵਿਚੋਂ ਬਹੁਤੇ ਗਿੱਲ ਗੋਤ ਦੇ ਹਨ। ਪਾਕਿਸਤਾਨ ਵਿਚ ਜੱਟਾਂ ਦੇ ਸੱਭ ਗੋਤ ਮਿਲ ਜਾਂਦੇ ਹਨ। ਵਿਰਕਾਂ ਦੀ ਗਿਣਤੀ ਜ਼ਿਲ੍ਹਾ ਸ਼ੇਖ਼ੂਪੁਰਾ ਅਤੇ ਗੁਜਰਾਂਵਾਲਾ ਵਿਚ ਵਧੇਰੇ ਹੈ। ਬਾਜਵਾ, ਢਿੱਲੋਂ, ਸੰਧੂ, ਗਿੱਲ, ਵੜੈਚ ਅਤੇ ਹੋਰ ਕਈ ਗੋਤਾਂ ਦੇ ਲੋਕ ਪਿੰਡਾਂ ਵਿਚ ਵਸਦੇ ਹਨ। ਨਾਸਿਰ ਢਿੱਲੋਂ ਪੰਜਾਬੀ ਲਹਿਰ ਦਾ ਮੋਢੀ ਹੈ ਅਤੇ ਉਸ ਦਾ ਨਾਮ ਸਾਡੇ ਪੰਜਾਬ ਵਿਚ ਵੀ ਬਹੁਤ ਮਕਬੂਲ ਹੋਇਆ ਹੈ। ਕਰਤਾਰਪੁਰ ਦੇ ਲਾਂਘੇ ਖੁੱਲ੍ਹਣ ਨਾਲ 1947 ਦੇ ਵਿਛੜੇ ਪ੍ਰਵਾਰਾਂ ਦਾ ਮੇਲ ਕਰਵਾਉਣ ਵਿਚ ਨਾਸਿਰ ਢਿਲੋਂ ਦਾ ਬਹੁਤ ਯੋਗਦਾਨ ਹੈ। 18-20 ਨਵੰਬਰ ਨੂੰ ਲਾਹੌਰ ਵਿਚ ਅੰਤਰ-ਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾਉਣ ਦਾ ਸਿਹਰਾ ਉਸ ਦੇ ਸਿਰ ਬੱਝਦਾ ਹੈ।




ਪਿੰਡ ਬੰਗਾ (ਪਾਕਿਸਤਾਨ) ਵਿੱਚ ਚੌਧਰੀ ਸਾਕਿਬ ਵਿਰਕ ਦੇ ਘਰ ਸ. ਭਗਤ ਸਿੰਘ ਸ਼ਹੀਦ ਦਾ ਮਿਊਜੀਅਮ

ਲਾਹੌਰ ਪਰਤਣ ਤੋਂ ਪਹਿਲਾਂ ਮੁਸ਼ਤਾਕ ਗਿੱਲ ਮੈਨੂੰ ਸ਼ਹੀਦ ਭਗਤ ਸਿੰਘ ਦੇ ਪਿੰਡ ਚੱਕ ਨੰਬਰ 105 ਬੰਗਾ ਲੈ ਗਿਆ। ਭਗਤ ਸਿੰਘ ਦੇ ਘਰ ਵਿਚ ਚੌਧਰੀ ਸਾਕਿਬ ਅਲੀ ਵਿਰਕ ਦਾ ਪ੍ਰਵਾਰ ਰਹਿੰਦਾ ਹੈ। ਚੌਧਰੀ ਵਿਰਕ ਨੇ ਇਸ ਘਰ ਵਿਚ ਮਿਊਜ਼ੀਅਮ ਬਣਾ ਰਖਿਆ ਹੈ। ਭਗਤ ਸਿੰਘ ਦੀਆਂ ਯਾਦਾਂ ਸਾਂਭਣ ਲਈ ਉਸ ਦੇ ਪ੍ਰਵਾਰ ਦੀਆਂ ਅਤੇ ਉਸ ਦੇ ਸਾਥੀਆਂ ਦੀਆਂ ਫੋਟੋਆਂ ਦੀਵਾਰਾਂ ਉਪਰ ਲਾ ਰਖੀਆਂ ਹਨ। ਭਗਤ ਸਿੰਘ ਦੇ ਹੱਥਾਂ ਦੀ ਲਾਈ ਬੇਰੀ ਅਜੇ ਵੀ ਕਾਇਮ ਹੈ। ਉਸ ਦੀ ਮਾਤਾ ਮਾਇਆ ਦੇਵੀ ਦੀਆਂ ਕੁੱਝ ਸਿਮਰਤੀਆਂ ਵੀ ਮੌਜੂਦ ਹਨ। ਵਿਰਕਾਂ ਨੇ ਮੇਰੀ ਆਉ ਭਗਤ ਲਈ ਖਾਣੇ ਦਾ ਪ੍ਰਬੰਧ ਵੀ ਕਰ ਰਖਿਆ ਸੀ। ਟੀ.ਵੀ. ਆਰਟਿਸਟ ਵੀ ਬੁਲਾਏ ਗਏ ਸਨ। ਸਾਨੂੰ ਲਾਹੌਰ ਮੁੜਨ ਦੀ

ਕਾਹਲ ਸੀ ਜਿਸ ਕਰ ਕੇ ਸ਼ਹੀਦ ਭਗਤ ਸਿੰਘ ਦੇ ਪ੍ਰਾਇਮਰੀ ਸਕੂਲ ਦਾ ਦੌਰਾ ਛੱਡ ਦਿਤਾ। ਚੌਧਰੀ ਸਾਕਿਬ ਵਿਰਕ ਦਾ ਪ੍ਰਵਾਰ ਪਿੱਛੋਂ ਬਟਾਲੇ ਕੋਲ ਪਿੰਡ ਵਿਰਕ ਤੋਂ ਉਜੜ ਕੇ ਬੰਗਾ ਪਿੰਡ ਵਿਚ ਵੱਸਿਆ ਹੈ। ਉਹ ਇਸ ਘਰ ਦੀ ਸਾਂਭ ਸੰਭਾਲ ਅਤੇ ਮਿਊਜ਼ੀਅਮ ਦਾ ਖ਼ਰਚਾ ਆਪ ਹੀ ਕਰਦੇ ਹਨ ਅਤੇ ਕੋਈ ਸਰਕਾਰੀ ਸਹਾਇਤਾ ਪ੍ਰਾਪਤ ਨਹੀਂ। ਮੇਰੇ ਲਈ ਸ਼ਹੀਦ ਭਗਤ ਸਿੰਘ ਦੀ ਜਨਮ ਭੂਮੀ ਦੀ ਯਾਤਰਾ ਇਕ ਸ਼ਰਧਾਂਜਲੀ ਹੋ ਨਿਬੜੀ।

— ¤ —

# 4

ਲਾਹੌਰ ਬਾਰੇ ਇਕ ਮਸ਼ਹੂਰ ਕਹਾਵਤ ਹੈ: "ਜਿਸ ਲਾਹੌਰ ਨਹੀਂ ਵੇਖਿਆ ਉਹ ਹਾਲੇ ਜੰਮਿਆਂ ਹੀ ਨਹੀਂ।" ਇਹ ਕਹਾਵਤ ਸੋਲਾਂ ਆਨੇ ਸੱਚ ਹੈ। ਸਾਡੇ ਪੰਜਾਬ ਦੇ ਸ਼ਹਿਰ ਲਾਹੌਰ ਦਾ ਮੁਕਾਬਲਾ ਨਹੀਂ ਕਰ ਸਕਦੇ। ਜੋ ਪੰਜਾਬ ਦਾ ਪੁਰਾਤਨ ਇਤਿਹਾਸ ਲਾਹੌਰ ਦੀ ਬੁੱਕਲ ਵਿਚ ਸਾਂਭਿਆ ਪਿਆ ਹੈ, ਉਹ ਹੋਰ ਕਿਧਰੇ ਨਹੀਂ ਲੱਭਦਾ। ਖ਼ਾਸ ਕਰ ਕੇ ਖ਼ਾਲਸਾ ਰਾਜ ਦੀ ਵਿਥਿਆ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਦਫ਼ਨ ਹੈ। ਮਹਾਰਾਜਾ ਰਣਜੀਤ ਸਿੰਘ ਨੇ 1799 ਵਿਚ ਲਾਹੌਰ ਦਾ ਕਿਲ੍ਹਾ ਫ਼ਤਹਿ ਕਰ ਕੇ ਸਿੱਖ ਰਾਜ ਦੀ ਨੀਂਹ ਰੱਖੀ ਸੀ। ਸ਼ਾਹ ਜਮਾਨ ਨੂੰ ਸੰਮਨ ਬੁਰਜ ਵਿਚ ਕੈਦ ਕਰ ਕੇ ਦੁਰਾਨੀਆਂ ਤੋਂ ਪੰਜਾਬ ਦਾ ਰਾਜ ਖੋਹਿਆ ਸੀ। ਕਮਾਲ ਦੀ ਗੱਲ ਹੈ ਕਿ ਰਣਜੀਤ ਸਿੰਘ ਨੂੰ ਬੁਲਾਉਣ ਵਾਲੇ ਲਾਹੌਰ ਦੇ ਮੋਹਤਬਰ ਮੁਸਲਮਾਨ ਸਨ ਜੋ ਪੁਰਾਣੇ ਹਾਕਮਾਂ ਤੋਂ ਤੰਗ ਆ ਚੁੱਕੇ ਸਨ।

ਤੇਰਾ ਦਸੰਬਰ ਨੂੰ ਮੈਂ ਲਾਹੌਰ ਦੇ ਪੁਰਾਣੇ ਹਿੱਸੇ, ਜਿਸ ਨੂੰ ਅੰਦਰੂਨ ਕਿਹਾ



ਗੁਰਦੁਆਰਾ ਡੇਹਰਾ ਸਾਹਿਬ (ਸ਼ਹੀਦੀ ਸਮਾਰਕ ਗੁਰੂ ਅਰਜਨ ਦੇਵ ਜੀ)

ਜਾਂਦਾ ਹੈ, ਨੂੰ ਵੇਖਣ ਦਾ ਮਨ ਬਣਾ ਲਿਆ। ਸਿੱਖ ਯਾਤਰੀਆਂ ਲਈ ਇਸ ਹਿੱਸੇ ਵਿਚ ਸਿੱਖ ਗੁਰੂਆਂ ਨਾਲ ਸਬੰਧਤ ਇਤਿਹਾਸਕ ਗੁਰਦੁਆਰੇ ਅਤੇ ਸਿੱਖ ਰਾਜ ਦੀਆਂ ਇਮਾਰਤਾਂ ਕਾਇਮ ਹਨ। ਸ਼ਾਹੀ ਕਿਲ੍ਹੇ ਦੇ ਬਾਹਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਹੈ। ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਇਸ ਦੇ ਨਾਲ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਮਾਰਕ ਹੈ ਜਿਸ ਨੂੰ ਗੁਰਦਵਾਰਾ ਡੇਹਰਾ ਸਾਹਿਬ ਕਹਿੰਦੇ ਹਨ। ਅੰਦਰੂਨ ਸ਼ਹਿਰ ਵਿਚ ਦੋ ਹੋਰ ਗੁਰਦੁਆਰੇ ਵੀ ਹਨ – ਚੂਨਾ ਮੰਡੀ ਦੇ ਇਕ ਭੀੜੇ ਬਾਜ਼ਾਰ ਵਿਚ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਗੁਰਦਵਾਰਾ ਹੈ ਅਤੇ ਇਸ ਤੋਂ ਥੋੜੀ ਦੂਰ ਸ਼ਹੀਦ ਸਿੰਘਣੀਆਂ ਦੀ ਯਾਦ ਵਿਚ ਗੁਰਦੁਆਰਾ। ਗੁਰਦੁਆਰਾ ਭਾਈ ਤਾਰੂ ਸਿੰਘ ਅਤੇ ਭਾਈ ਮਨੀ ਸਿੰਘ ਸ਼ਹੀਦ ਬਾਰੇ ਮੇਰੇ ਪਾਸ ਕੋਈ ਜਾਣਕਾਰੀ ਨਹੀਂ ਸੀ।



ਸ਼ਾਹੀ ਕਿਲਾ ਲਾਹੌਰ ਦਾ ਬਾਹਰਲਾ ਨਜ਼ਾਰਾ

ਸ਼ਾਹੀ ਕਿਲ੍ਹੇ ਦਾ ਆਲਮੀ ਗੇਟ ਤਾਂ ਬੰਦ ਕਰ ਦਿੱਤਾ ਗਿਆ ਹੈ ਪਰ ਇਸ ਦੇ ਨੇੜੇ ਹੀ ਯਾਤਰੀਆਂ ਦੀ ਐਂਟਰੀ ਲਈ ਇਕ ਹੋਰ ਗੇਟ ਖੋਲ੍ਹਿਆ ਗਿਆ ਹੈ। ਪੂਰਾ ਕਿਲ੍ਹਾ ਵੇਖਣ ਲਈ ਇਕ ਦਿਨ ਘੱਟ ਹੈ। ਮੈਂ ਇਸ ਦੇ ਖ਼ਾਸ ਹਿੱਸੇ ਹੀ ਵੇਖਣੇ ਚਾਹੁੰਦਾ ਸਾਂ। ਮਹਾਰਾਜਾ ਰਣਜੀਤ ਸਿੰਘ ਨੇ ਅਪਣੀ ਰਿਹਾਇਸ਼ ਲਈ ਸ਼ੀਸ਼ ਮਹਿਲ ਬਣਵਾਇਆ ਸੀ ਜਿਸ ਵਿਚ ਕੀਮਤੀ ਹੀਰੇ ਜਵਾਹਰਾਤ ਅਤੇ ਪਾਰਦਰਸ਼ੀ ਸ਼ੀਸ਼ੇ ਦੀਆਂ ਟੁਕੜੀਆਂ ਕੰਧਾਂ ਅਤੇ ਛੱਤ ਉਪਰ ਜੜੀਆਂ ਗਈਆਂ। ਲੋਕਾਂ ਨੇ ਇਸ ਸ਼ੀਸ਼ ਮਹਿਲ ਦੀਆਂ ਕੰਧਾਂ ਖੁਰਚ ਖੁਰਚ ਕੇ ਕਾਫ਼ੀ ਕੁੱਝ ਉਜਾੜ

ਦਿਤਾ ਹੈ। ਪਾਕਿਸਤਾਨ ਸਰਕਾਰ ਦਾ ਪੁਰਾਤੱਤਵ ਵਿਭਾਗ ਇਸ ਮਹਿਲ ਦੀ ਮੁਰੰਮਤ ਕਰ ਰਿਹਾ ਹੈ। ਕਿਲ੍ਹੇ ਅੰਦਰ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਖੜਕ ਸਿੰਘ ਦੀ ਹਵੇਲੀ ਹੈ। ਜਿੰਦਾਂ ਹਵੇਲੀ ਵਿਚ ਸ਼ਹਿਜ਼ਾਦੀ ਬੰਬਾ (ਮਹਾਰਾਜਾ ਦਲੀਪ ਸਿੰਘ ਦੀ ਧੀ) ਨੇ ਸਿੱਖ ਰਾਜ ਦੀਆਂ ਪੇਂਟਿੰਗਜ਼ ਅਤੇ ਹੋਰ ਕੀਮਤੀ ਸਮਾਨ ਇਕੱਠਾ ਕਰ ਕੇ ਮਿਊਜ਼ੀਅਮ ਗੈਲਰੀ ਬਣਾ ਦਿੱਤੀ ਸੀ। ਦਰਬਾਰੇ ਆਮ ਅਤੇ ਦਰਬਾਰੇ ਖ਼ਾਸ ਦੀਆਂ ਇਮਾਰਤਾਂ ਪੂਰੀ ਤਰ੍ਹਾਂ ਪੁਰਾਤਨ ਰੂਪ ਵਿਚ ਸਾਂਭੀਆਂ ਗਈਆਂ ਹਨ।



ਸ਼ਾਹੀ ਮਸਜਿਦ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਂਦਰੀ

ਸ਼ਾਹੀ ਕਿਲ੍ਹੇ ਦੇ ਆਲਮੀ ਗੇਟ ਸਾਹਮਣੇ ਲਾਹੌਰ ਦੀ ਸ਼ਾਹੀ ਮਸਜਿਦ, ਇਲਾਮਾ ਇਕਬਾਲ ਦਾ ਮਕਬਰਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਂਦਰੀ ਹੈ। ਮਾਰਬਲ ਦੀ ਬਣੀ ਬਾਰਾਂਦਰੀ ਸਿੱਖ ਅਤੇ ਮੁਗ਼ਲ ਆਰਟ ਦੀ ਵਧੀਆ ਮਿਸਾਲ ਹੈ। ਸ਼ਾਹੀ ਮਸਜਿਦ ਵਿਚ ਹਰ ਟੂਰਿਸਟ ਜਾ ਸਕਦਾ ਹੈ, ਸਿੱਖਾਂ ਲਈ ਕੋਈ ਮਨਾਹੀ ਨਹੀਂ। ਗੁਰਦੁਆਰੇ ਵਾਂਗ ਹੀ ਸਿਰ ਢੱਕ ਕੇ ਅਤੇ ਜੁੱਤੀ ਲਾਹ ਕੇ ਜਾਣਾ ਪੈਂਦਾ ਹੈ। ਮੁਸਲਮਾਨ ਔਰਤਾਂ ਲਈ ਵਧੇਰੇ ਪਾਬੰਦੀਆਂ ਹਨ, ਮਰਦਾਂ ਦੇ ਮੁਕਾਬਲੇ ਵਿਚ। ਉਹ ਮਸਜਿਦ ਵਿਚ ਨਮਾਜ਼ ਨਹੀਂ ਪੜ੍ਹ ਸਕਦੀਆਂ। ਲਾਹੌਰ ਦੇ ਬਾਜ਼ਾਰਾਂ ਵਿਚ ਬੁਰਕੇ ਵਾਲੀਆਂ ਔਰਤਾਂ ਹੀ ਮਿਲੀਆਂ। ਮੈਂ ਹੈਰਾਨ ਹੋ ਗਿਆ ਸਾਂ ਕਿ ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਕੁੜੀਆਂ ਬੁਰਕਾ

ਪਹਿਣ ਕੇ ਪੜ੍ਹਣ ਜਾਂਦੀਆਂ ਹਨ। ਮੌਲਾਣੇ ਪਾਕਿਸਤਾਨ ਦੀ ਸਿਆਸਤ ਉਪਰ ਹਾਵੀ ਹਨ। ਪਰੰਤੂ ਹੁਣ ਜਾਪਦਾ ਹੈ ਕਿ ਉਹ ਸ਼ੱਰਾ ਨੂੰ ਸਮਾਜਿਕ ਅਤੇ ਸਭਿਆਚਾਰਕ ਜੀਵਨ ਉਪਰ ਵੀ ਠੋਸਣਾ ਚਾਹੁੰਦੇ ਹਨ।

ਲਾਹੌਰ ਦੇ ਵੇਖਣਯੋਗ ਸਮਾਰਕਾਂ ਵਿਚ ਇਥੋਂ ਦੇ ਬਾਗ਼ ਵੀ ਸ਼ਾਮਲ ਹਨ। ਸ਼ਾਲੀਮਾਰ ਬਾਗ਼, ਲਾਰੈਂਸ ਗਾਰਡਨ ਅਤੇ ਬਾਦਾਮੀ ਬਾਗ਼ ਮਸ਼ਹੂਰ ਹਨ । ਲਾਹੌਰ ਦਾ ਮਿਊਜ਼ੀਅਮ ਅਤੇ ਚਿੜੀਆ ਘਰ ਵੀ ਵੇਖਣ ਯੋਗ ਹਨ। ਸਭ ਤੋਂ ਪਹਿਲਾ ਸਰਕਾਰੀ ਕਾਲਜ 1864 ਵਿਚ ਬਣਿਆ। ਇਸ ਦੀਆਂ ਕਲਾਸਾਂ ਧਿਆਨ ਸਿੰਘ ਡੋਗਰੇ ਦੀ ਹਵੇਲੀ ਵਿਚ ਲੱਗਦੀਆਂ ਸਨ ਜੋ ਮਹਾਰਾਜਾ ਰਣਜੀਤ ਸਿੰਘ ਦਾ ਮੁੱਖ ਮੰਤਰੀ ਹੋਇਆ ਕਰਦਾ ਸੀ। ਇਸ ਕਾਲਜ ਦੀ ਇਮਾਰਤ ਪੰਜਾਬ ਦੇ ਪ੍ਰਸਿੱਧ ਆਰਕੀਟੈਕਟ ਰਾਮ ਸਿੰਘ ਨੇ ਤਾਮੀਰ ਕੀਤੀ ਸੀ ਜਿਸ ਨੇ ਬਾਅਦ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਡੀਜ਼ਾਇਨ ਤਿਆਰ ਕੀਤਾ।

ਲਾਹੌਰ ਦੀ ਮਾਲ ਰੋਡ ਵਿਸ਼ਵ ਪ੍ਰਸਿੱਧ ਹੈ। ਅਨਾਰਕਲੀ ਬਾਜ਼ਾਰ ਵੀ ਇਸ ਤੋਂ ਹੀ ਸ਼ੁਰੂ ਹੁੰਦਾ ਹੈ। ਅੱਜਕਲ ਸ਼ਾਪਿੰਗ ਲਈ ਲਿਬਰਟੀ ਮਾਰਕੀਟ ਵਧੇਰੇ ਪ੍ਰਸਿੱਧ ਹੈ। ਮੈਂ ਸ਼ਾਪਿੰਗ ਦਾ ਸ਼ੌਕੀਨ ਨਹੀਂ ਜਿਸ ਕਰ ਕੇ ਅਨਾਰਕਲੀ ਅਤੇ ਲਿਬਰਟੀ ਦਾ ਗੇੜਾ ਨਹੀਂ ਮਾਰਿਆ। ਮੇਰਾ ਗੈਸਟ ਹਾਊਸ ਲਾਹੌਰ ਦੇ ਸੀਨੇ ਨੂੰ ਚੀਰਦੀ ਨਹਿਰ ਦੇ ਕਿਨਾਰੇ ਸੀ। ਰਾਤ ਨੂੰ ਮਾਲ ਰੋਡ ਅਤੇ ਨਹਿਰ ਦੇ ਦੋਵੇਂ ਕੰਢੇ ਲੇਜ਼ਰ ਰੌਸ਼ਨੀਆਂ ਨਾਲ ਸਜਾਏ ਗਏ ਹੋਣ ਕਰ ਕੇ ਕਿਸੇ ਬਹਿਸ਼ਤ ਤੋਂ ਘੱਟ ਨਜ਼ਰ ਨਹੀਂ ਆਉਂਦੇ। ਮੈਂ ਪੈਰਿਸ ਦੇ ਸੇਨ ਦਰਿਆ ਕੰਢੇ ਵੀ ਸੈਰ ਕੀਤੀ ਹੈ ਪਰ ਜੋ ਮਜ਼ਾ ਇਸ ਨਹਿਰ ਉਪਰ ਘੁੰਮ ਕੇ ਆਇਆ ਹੈ, ਉਹ ਬਿਆਨ ਤੋਂ ਬਾਹਰ ਹੈ।

ਬਹੁਤ ਸਾਰੇ ਸਮਾਰਕ ਮੁਸਲਮਾਨ ਪੀਰਾਂ ਫ਼ਕੀਰਾਂ ਨਾਲ ਸਬੰਧਤ ਵੀ ਲਾਹੌਰ ਵਿਚ ਮੌਜੂਦ ਹਨ। ਮੇਰਾ ਟੈਕਸੀਵਾਲਾ ਚਾਹੁੰਦਾ ਸੀ ਕਿ ਮੈਂ ਉੱਥੇ ਵੀ ਹੱਜ ਕਰਾਂ। ਸਮੇਂ ਦੀ ਘਾਟ ਕਰ ਕੇ ਮੈਂ ਹਜ਼ਰਤ ਮੀਆਂ ਮੀਰ ਅਤੇ ਦਾਤਾ ਗੰਜ ਬਖ਼ਸ਼ ਦੇ ਮਕਬਰੇ ਨਹੀਂ ਵੇਖ ਸਕਿਆ। ਰਾਵੀ ਦੇ ਪਾਰ ਸ਼ਾਹਦਰੇ ਵਿਚ ਜਹਾਂਗੀਰ ਦਾ ਮਕਬਰਾ ਹੈ, ਜੋ ਮੈਂ 1983 ਵਿਚ ਵੇਖ ਆਇਆ ਸਾਂ। ਮੇਰੇ ਟੈਕਸੀਵਾਲੇ ਨੇ ਪੁੱਛਿਆ ਕਿ ਸਿੱਖ ਰਾਜ ਸਮੇਂ ਸ਼ਾਹੀ ਮਸਜਿਦ ਖ਼ਾਲਸਾ ਫ਼ੌਜ ਦੇ ਘੋੜਿਆਂ ਦੇ ਅਸਤਬਲ ਲਈ ਵਰਤਿਆ ਗਿਆ ਸੀ। ਮੈਂ ਚੁੱਪ ਰਿਹਾ, ਪ੍ਰੰਤੂ ਇਸ ਦਾ ਸਬੂਤ

ਤਾਂ ਮਿਲਦਾ ਹੈ ਕਿ ਹਰਮੰਦਿਰ ਸਾਹਿਬ ਦੀ ਪ੍ਰਕਰਮਾ ਵਿਚ ਲੱਗਿਆ ਮਾਰਬਲ ਜਹਾਂਗੀਰ ਦੇ ਮਕਬਰੇ ਤੋਂ ਪੁੱਟਿਆ ਗਿਆ ਸੀ। ਕੱਟੜਵਾਦੀ ਮੁਸਲਿਮ ਖ਼ਾਲਸਾ ਰਾਜ ਤੇ ਕਿੰਤੂ ਪਰੰਤੂ ਕਰਦੇ ਹਨ ਪਰ ਆਮ ਲਾਹੌਰੀਆ ਸਿੱਖ ਰਾਜ ਦੀ ਸਿਫ਼ਤ ਹੀ ਕਰਦਾ ਹੈ।

— ¤ —

## 5

ਪੰਜਾਬ ਵਿਚ ਕਹਾਵਤ ਹੈ, "ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ।" ਮੇਰੇ ਪ੍ਰੀਵਾਰ ਨੇ ਹਰ ਹੀਲਾ ਵਰਤਿਆ ਕਿ ਮੈਂ ਪਾਕਿਸਤਾਨ ਦੀ ਯਾਤਰਾ ਤੇ ਨਾ ਜਾਵਾਂ। ਇਕ ਤਾਂ ਮੈਂ ਡੇਂਗੂ ਦਾ ਸ਼ਿਕਾਰ ਹੋਇਆ ਸਾਂ ਅਤੇ ਦੂਜਾ ਗੁਰੂ ਨਾਨਕ ਸਾਹਿਬ ਦਾ ਗੁਰਪੁਰਬ 15 ਨਵੰਬਰ ਨੂੰ ਲੰਘ ਚੁੱਕਾ ਸੀ। ਇੰਡੀਅਨ ਮੀਡੀਆ ਨੇ ਪਾਕਿਸਤਾਨ ਨੂੰ ਹਮੇਸ਼ਾ ਇਕ ਦੁਸ਼ਮਣ ਦੇਸ਼ ਗਰਦਾਨਿਆ ਹੈ। ਮੇਰਾ ਤਜ਼ਰਬਾ ਮੀਡੀਆ ਅਤੇ ਭਾਰਤ ਸਰਕਾਰ ਦੇ ਨਜ਼ਰੀਏ ਤੋਂ ਉਲਟ ਹੈ। ਜੇਕਰ ਸਿਆਸਤ ਤੋਂ ਉਪਰ ਉਠ ਕੇ ਗੱਲ ਕਰੀਏ ਤਾਂ 1947 ਦੀ ਵੰਡ ਨੇ ਪੰਜਾਬ ਅਤੇ ਬੰਗਾਲ ਦੇ ਟੁਕੜੇ ਕਰ ਦਿਤੇ ਜਦਕਿ ਬਾਕੀ ਭਾਰਤ ਅਖੰਡ ਹੀ ਰਿਹਾ। ਧਾਰਮਕ ਕੱਟੜਪੁਣੇ ਨੇ ਲੱਖਾਂ ਜ਼ਿੰਦਗੀਆਂ ਬਰਬਾਦ ਕਰ ਦਿਤੀਆਂ। 77 ਸਾਲਾਂ ਬਾਅਦ ਵੰਡ ਦੇ ਜ਼ਖ਼ਮ ਭਰ ਚੁੱਕੇ ਹਨ ਅਤੇ ਮੇਰੇ ਬਚਪਨ ਦੇ ਤਸੀਹੇ ਮੇਰੇ ਮਨ ਮਸਤਕ ਉਪਰ 1947 ਦੀ ਵੰਡ ਦਾ ਪਰਛਾਵਾਂ ਨਹੀਂ ਵੇਖਣਾ ਚਾਹੁੰਦੇ।

9 ਦਸੰਬਰ ਨੂੰ ਪੰਜਾਬ ਯੂਨੀਵਰਸਟੀ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਮੇਰਾ 90 ਮਿੰਟ ਦਾ ਭਾਸ਼ਣ ਸੀ। ਇਸ ਭਾਸ਼ਣ ਵਿਚ ਮੈਂ ਅਪਣੀ 50 ਸਾਲ ਦੀ ਖੋਜ ਦਾ ਲੇਖਾ-ਜੋਖਾ ਪੇਸ਼ ਕੀਤਾ। ਸਾਰੇ ਦਾ ਸਾਰਾ ਭਾਸ਼ਣ ਪੰਜਾਬੀ ਮਾਂ ਬੋਲੀ ਵਿਚ ਪੇਸ਼ ਕੀਤਾ। ਇਸ ਦੀ ਨਸੀਹਤ ਪਾਕਿਸਤਕਾਨ ਦੇ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਪ੍ਰੋ. ਅਬਦੁਸ ਸਲਾਮ ਨੇ ਕੀਤੀ ਸੀ ਜਦੋਂ ਮੈਂ ਪਹਿਲੀ ਵਾਰ ਇਟਲੀ ਦੇ ਅੰਤਰ-ਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ ਕੇਂਦਰ ਵਿਚ ਮਿਲਿਆ ਸੀ। ਉਹ ਚਾਹੁੰਦੇ ਸਨ ਕਿ ਮੇਰੀ ਭੁਚਾਲਾਂ ਦੀ ਖੋਜ ਦਾ ਫ਼ਾਇਦਾ ਦੋਵਾਂ ਦੇਸ਼ਾਂ ਨੂੰ ਹੋਵੇ। ਉਸ ਸਮੇਂ ਤਾਂ ਇਹ ਸੁਪਨਾ ਅਧੂਰਾ ਰਹਿ ਗਿਆ ਪ੍ਰੰਤੂ ਹੁਣ ਇਸ ਦੇ ਸਾਕਾਰ ਹੋਣ ਦਾ ਸਮਾਂ ਆ ਗਿਆ ਹੈ। ਬਾਬਾ ਗੁਰੂ ਨਾਨਕ ਯੂਨੀਵਰਸਟੀ ਦੇ ਵੀ. ਸੀ. ਅਫ਼ਜ਼ਲ ਮਹਿਮੂਦ ਹੋਰਾਂ ਦੀ ਰਜ਼ਾਮੰਦੀ ਮਿਲ ਗਈ ਹੈ ਕਿ ਮੈਂ ਅਪਣੀ 'ਪਾਣੀਆਂ ਦੇ ਪ੍ਰਦੂਸ਼ਣ' ਬਾਰੇ ਖੋਜ ਨੂੰ ਪਾਕਿਸਤਾਨੀ ਪੰਜਾਬ ਦੇ ਭਲੇ ਲਈ ਵੀ

ਵਰਤਾਂ। ਰਾਵੀ ਦੇ ਦੋਵੇਂ ਪਾਸੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਟੀ ਦੇ ਖੋਜੀ




ਭੌਤਿਕ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਲਾਹੌਰ



ਪ੍ਰੋ. ਮਹਿਮੂਦ, ਮੁਖੀ ਭੌਤਿਕ ਵਿਗਿਆਨ ਵਿਭਾਗ ਅਤੇ ਉਸਦੀ ਬੇਗਮ ਨਾਲ

ਪ੍ਰੋਫ਼ੈਸਰ ਨੇ ਪਾਣੀ ਵਿਚ ਅਰਸੈਨਿਕ ਦੀ ਬਹੁਤਾਤ ਲੱਭੀ ਹੈ। ਉਸ ਦੀ ਖੋਜ ਨੂੰ ਅੱਗੇ ਤੋਰਨ ਦਾ ਬੀੜਾ ਮੇਰੇ ਖੋਜ ਸਾਥੀਆਂ ਨੇ ਚੁੱਕਿਆ ਹੈ। ਮੁਸ਼ਤਾਕ ਗਿੱਲ ਮੇਰੀ ਖੋਜ ਤੋਂ ਪ੍ਰਭਾਵਤ ਹੋਇਆ ਹੈ ਅਤੇ ਅਪਣੀ ਖੋਜ ਸੰਸਥਾ ਦਾ ਐਡਵਾਈਜ਼ਰ (ਸਲਾਹਕਾਰ) ਨਿਯੁਕਤ ਕਰਨ ਲਈ ਰਾਜ਼ੀ ਹੋ ਗਿਆ ਹੈ। ਵੇਖੀਏ ਸਾਡੀ ਸਰਕਾਰ ਕੋਈ ਅੜਿੱਕਾ ਨਾ ਡਾਹ ਦੇਵੇ।

ਕਾਲਜ ਦੇ ਦਿਨਾਂ ਵਿਚ ਮੈਂ ਪੰਜਾਬੀ ਕਵਿਤਾ ਲਿਖਣ ਵਿਚ ਮੁਹਾਰਤ ਹਾਸਲ ਕਰ ਲਈ ਸੀ। ਮਾਲੇਰਕੋਟਲੇ ਸਰਕਾਰੀ ਕਾਲਜ ਵਿਚ ਮੇਰਾ ਜਮਾਤੀ ਉਜਾਗਰ ਸਿੰਘ ਕੰਵਲ ਪੰਜਾਬੀ ਗੀਤਾਂ ਨੂੰ ਲਿਖ ਕੇ ਗਾਉਣ ਦਾ ਸ਼ੌਕੀਨ ਸੀ। ਉਸ ਦੇ ਕਈ ਲੋਕ ਗੀਤ ਮੇਰੇ ਯਾਦ ਹੋ ਗਏ ਅਤੇ ਮੈਂ ਵੀ ਗੀਤ ਲਿਖਣ ਦੀ ਪ੍ਰੇਰਣਾ ਉਜਾਗਰ ਸਿੰਘ ਕੰਵਲ ਤੋਂ ਲਈ। ਇਹ ਸਿਲਸਿਲਾ ਮਹਿੰਦਰਾ ਕਾਲਜ ਵਿਚ ਵੀ ਚਲਦਾ ਰਿਹਾ। ਮੇਰੇ ਜੀਵਨ ਸਫ਼ਰ ਵਿਚ ਕਈ ਉਤਰਾਅ-ਚੜ੍ਹਾਅ ਆਏ ਅਤੇ ਮੈਂ ਭੌਤਿਕ ਵਿਗਿਆਨ ਦੇ ਵਿਸ਼ੇ ਨੂੰ ਜੀਵਨ ਭਰ ਲਈ ਪਰਣਾਇਆ ਗਿਆ। ਦੋ ਕੁ ਸਾਲ ਪਹਿਲਾਂ ਪਾਕਿਸਤਾਨ ਦੀ ਪੰਜਾਬੀ ਸ਼ਾਇਰਾ ਸਫ਼ੀਆ ਹਿਆਤ ਨਾਲ ਮੇਰਾ ਰਾਫ਼ਤਾ ਕਾਇਮ ਹੋਇਆ। ਉਸ ਨੇ ਬਾਬਾ ਨਾਨਕ ਉਪਰ ਲਿਖੀ ਕਵਿਤਾ ਭੇਜੀ। ਉਸ ਦੀ ਪੁਸਤਕ 'ਉਮਰਾਂ ਧੁੱਪਾਂ ਹੋਈਆਂ' ਪਟਿਆਲੇ ਛਪ ਚੁੱਕੀ ਹੈ। ਇਸ ਯਾਤਰਾ ਦੌਰਾਨ ਸਫ਼ੀਆ ਨਾ ਮਿਲ ਸਕੀ ਪਰੰਤੂ ਜਾਬੀਨ ਕੌਸਰ ਅੰਗਰੇਜ਼ੀ ਦੀ ਕਵਿੱਤਰੀ ਉਚੇਚੇ ਤੌਰ 'ਤੇ ਹਸਨ ਅਬਦਾਲ ਤੋਂ ਲਾਹੌਰ ਮਿਲਣ ਆਈ।



ਓਰੀਐਂਟਲ ਕਾਲਜ, ਲਾਹੌਰ ਦੇ ਸਾਹਮਣੇ ਪ੍ਰੋ. ਰਿਆਜ਼ ਅਹਿਮਦ ਨਾਲ


ਮੇਰੀ ਤਮੰਨਾ ਹੈ ਕਿ ਦੋਵੇਂ ਪੰਜਾਬ ਅਮਨ ਸ਼ਾਂਤੀ ਨਾਲ ਵੱਸਣ। ਪੰਜਾਬੀ ਬੋਲੀ ਦੇ ਹੱਕ ਵਿਚ ਇਲਿਆਸ ਘੁੰਮਣ ਅਤੇ ਉਸ ਦੇ ਸਾਥੀ ਲੜਾਈ ਲੜ ਰਹੇ ਹਨ। ਤਹਿਸੀਲ ਸਮੁੰਦਰੀ ਦਾ ਐਮ.ਐਲ.ਏ. ਲਹਿੰਦੇ ਪੰਜਾਬ ਦੀ ਸਰਕਾਰ ਤੋਂ

ਪੰਜਾਬੀ ਲਾਗੂ ਕਰਨ ਲਈ ਮਤਾ ਪਾਸ ਕਰਵਾ ਚੁੱਕਾ ਹੈ। ਵੇਖੀਏ ਇਹ ਕਦੋਂ ਲਾਗੂ ਹੁੰਦਾ ਹੈ। ਜੇਕਰ ਪੰਜਾਬੀ ਬੋਲੀ ਅਤੇ ਭਾਸ਼ਾ ਸਕੂਲ ਪੱਧਰ ’ਤੇ ਲਾਗੂ ਹੋ ਜਾਵੇ ਤਾਂ ਦੁਨੀਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 16 ਕਰੋੜ ਤੋਂ ਵੱਧ ਹੋ ਜਾਵੇਗੀ। ਵਾਘਾ ਬਾਰਡਰ ਉਪਰ ਵਪਾਰ ਠੱਪ ਹੋ ਗਿਆ ਸੀ ਜਿਸ ਕਰ ਕੇ ਅੰਮ੍ਰਿਤਸਰ ਦੇ ਵਪਾਰੀਆਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਜੇਕਰ ਵਪਾਰ ਦੁਬਾਰਾ ਸ਼ੁਰੂ ਹੋ ਜਾਵੇ ਤਾਂ ਦੋਹਾਂ ਦੇਸ਼ਾਂ ਵਿਚ ਨੇੜਤਾ ਵਧੇਗੀ।

ਵਾਘਾ ਪਾਰ ਕਰਨ ਤੋਂ ਪਹਿਲਾਂ ਲਾਹੌਰ ਦੇ ਕਈ ਮੰਨੇ ਪ੍ਰਮੰਨੇ ਪ੍ਰਵਾਰਾਂ ਤੋਂ ਚਾਹ ਜਾਂ ਡਿਨਰ ਦੇ ਨਿਉਤੇ ਆਏ ਸਨ। ਰਾਏ ਬੁਲਾਰ ਭੱਟੀ ਦੇ ਖ਼ਾਨਦਾਨ ਦੇ ਮੌਜੂਦਾ ਫ਼ਰਜ਼ੰਦ, ਰਾਏ ਬਿਲਾਲ ਭੱਟੀ, ਲਾਹੌਰ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਵੱਡਾ ਭਰਾ, ਰਾਏ ਸਲੀਮ ਭੱਟੀ, ਨਨਕਾਣਾ ਸਾਹਿਬ ਵਿਚ ਖੇਤੀ ਦਾ ਕੰਮ ਕਰਵਾਂਦਾ ਹੈ। ਦੋਵਾਂ ਭਰਾਵਾਂ ਨੇ ਸੱਦਾ ਭੇਜਿਆ ਪਰ ਮੇਰੀ ਮਸਰੂਫ਼ੀਅਤ ਕਾਰਨ ਸੱਦਾ ਪ੍ਰਵਾਣ ਨਾ ਕਰ ਸਕਿਆ। ਅਖ਼ੀਰਲਾ ਦਿਨ ਮੁਸ਼ਤਾਕ ਗਿੱਲ ਦੇ ਅਦਾਰੇ ਵਿਚ ਗੁਜ਼ਾਰਿਆ।ਸਕਾਨ ਟੀ.ਵੀ. ਤੇ ਪਾਣੀਆਂ ਦੇ ਵਧਦੇ ਪ੍ਰਦੂਸ਼ਣ ਬਾਰੇ ਇੰਟਰਵੀਊ ਰੀਕਾਰਡ ਕਰਵਾਇਆ ਜੋ ਪਾਕਿਸਤਾਨ ਵਿਚ ਛਾਇਆ ਰਿਹਾ।

15 ਦਸੰਬਰ ਸਵੇਰੇ 10 ਵਜੇ ਲਾਹੌਰ ਨੂੰ ਅਲਵਿਦਾ ਕਹਿ ਕੇ ਵਾਘਾ ਸਰਹੱਦ ਵਲ ਕਦਮ ਪੁੱਟੇ। ਮੁਸ਼ਤਾਕ ਗਿੱਲ ਵਾਘਾ ਤਕ ਮੈਨੂੰ ਛੱਡਣ ਆਏ ਅਤੇ ਪਿਆਰ ਭਰੀ ਜੱਫੀ ਪਾ ਕੇ ਭਰੇ ਹੋਏ ਗੱਚ ਨਾਲ ਵਾਪਸ ਪਰਤ ਗਏ। ਮੈਂ ਵੀ ਬੜੀ ਮੁਸ਼ਕਲ ਨਾਲ ਅਪਣੇ ਹੰਝੂ ਰੋਕੇ। ਐਸੀ ਵਿਦਾਇਗੀ ਜੀਵਨ ਵਿਚ ਕਦੇ ਪਹਿਲਾਂ ਨਹੀਂ ਮਿਲੀ ਭਾਵੇਂ ਪੰਜਾਹ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰ ਚੁੱਕਾ ਹਾਂ। ਜੇਕਰ ਪ੍ਰਮਾਤਮਾ ਨੇ ਚਾਹਿਆ ਤਾਂ ਇਹ ਦੋਸਤੀ ਦੋਹਾਂ ਪੰਜਾਬਾਂ ਦੇ ਹਿਤ ਵਿਚ ਕਾਰਗਰ ਸਾਬਤ ਹੋਵੇਗੀ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਵਾਘਾ ਬਾਰਡਰ ਲੰਘਣ ਸਾਰ ਜੋ ਬੈਨਰ ਲਾਈਨ ਨਜ਼ਰੀਂ ਪੈਂਦੀ ਹੈ ਉਸ ਉਪਰ ‘ਵੈਲਕਮ ਟੂ ਇੰਡੀਆ’ ਦੀ ਬਜਾਏ ‘ਫਸਟ ਲਾਈਨ ਆਫ਼ ਡੀਫੈਂਸ’ ਲਿਖਿਆ ਮਿਲਦਾ ਹੈ। ਦੁਨੀਆਂ ਦੇ ਹੋਰ ਕਿਸੇ ਬਾਰਡਰ ’ਤੇ ਐਸੀ ਘਨੌਣੀ ਸਤਰ ਲਿਖੀ ਹੋਈ ਨਹੀਂ ਮਿਲਦੀ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਇੰਡੀਆ ਪਾਕਿਸਤਾਨ ਪ੍ਰਤੀ ਕਿੰਨੀ ਨਫ਼ਰਤ ਜ਼ਾਹਰ ਕਰ ਰਿਹਾ ਹੈ। ਸ਼ਾਮ ਦੀ ਪਰੇਡ ਵੇਖਣ ਹਜ਼ਾਰਾਂ ਭਾਰਤੀ ਵਾਘਾ ਬਾਰਡਰ ’ਤੇ ਜਾਂਦੇ ਹਨ ਅਤੇ




ਵਾਹਘਾ ਬਾਰਡਰ ਉਪਰ ਭਾਰਤ ਦਾ ਐਂਟਰੀ ਗੇਟ

ਭਾਰਤ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਹਨ। ਬੀਐਸਐਫ਼ ਦਾ ਇਕ ਜਵਾਨ ਉਨ੍ਹਾਂ ਵਿਚ ਜੋਸ਼ ਭਰਨ ਲਈ ਉਕਸਾਉਂਦਾ ਹੈ ਜੋ ਬੜਾ ਹੀ ਹਾਸੋਹੀਣਾ ਜਾਪਦਾ ਹੈ। ਮੇਰੀ ਨਜ਼ਰ ਵਿਚ ਇਹ ਪਰੇਡ ਬੰਦ ਹੋਣੀ ਚਾਹੀਦੀ ਹੈ ਜੋ ਦੋਹਾਂ ਦੇਸ਼ਾਂ ਵਿਚ ਨਫ਼ਰਤ ਵਧਾਉਣ ਦਾ ਕੰਮ ਕਰਦੀ ਹੈ।

— ¤ —

## A Sikh Friend's Journey

From the world of science, so deep and wise,
To the land where holy memories rise,
A Sikh friend came with a heart so bright,
To walk in places of sacred light.

A doctor of physics, full of grace,
Seeking truth in every space.
From study to prayer, the journey was clear,
Bringing love and respect, far and near.

In Pakistan's land, so rich and old,
Where stories of faith are lovingly told,
A journey of peace, a bridge so strong,
Where hearts meet, and all belong.

Oh friend, with your kind and shining face,
You teach us of love and every good place.
A pilgrim, a learner, a noble blend,
Uniting the world as a true friend.



Jabeen Kahut
December 13,2024